Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 52 28/06/2025 www.samajweekly.com samajweekly @samajweekly samajweekly

# ਦੇਸ਼ ਵਿਚ ਪਏ ਮੀਂਹ ਨੇ ਕੀਤਾ ਬੁਰਾ ਹਾਲ, ਹਿਮਾਚਲ-ਜੰਮੂ ਵਿਚ ਬੱਦਲ ਫਟਣ ਨਾਲ 8 ਮੌਤਾਂ






**ਨਵੀਂ ਦਿਲੀ।** ਦਿੱਲੀ ਨੂੰ ਛੱਡ ਕੇ ਦੇਸ਼ ਦੇ ਸਾਰੇ ਸੂਬਿਆਂ ਵਿੱਚ ਮੌਨਸੂਨ ਦੀ ਬਾਰਿਸ਼ ਹੋ ਰਹੀ ਹੈ। ਹੁਣ ਤੱਕ ਆਮ ਨਾਲੋਂ 9.1 ਪ੍ਰਤੀਸ਼ਤ ਵੱਧ ਬਾਰਿਸ਼ ਹੋਈ ਹੈ। 26 ਜੂਨ ਤੱਕ ਦੇਸ਼ ਵਿੱਚ ਆਮ ਨਾਲੋਂ 134.3 ਮਿਲੀਮੀਟਰ ਬਾਰਿਸ਼ ਹੋਣੀ ਚਾਹੀਦੀ ਸੀ, ਪਰ 146.6 ਮਿਲੀਮੀਟਰ ਹੋਈ ਹੈ। ਇਸ ਦੌਰਾਨ, ਦੇਸ਼ ਵਿੱਚ ਮੀਂਹ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵੀ ਵਧਣੀ ਸ਼ੁਰੂ ਹੋ ਗਈ ਹੈ। ਹਿਮਾਚਲ ਦੇ ਕੁੱਲੂ ਜ਼ਿਲ੍ਹੇ ਵਿੱਚ ਬੱਦਲ ਫਟਣ ਕਾਰਨ ਹੁਣ ਤੱਕ 5 ਲੋਕਾਂ ਦੀ ਮੌਤ ਹੋ ਗਈ ਹੈ। ਜਦੋਂ ਕਿ 7 ਤੋਂ ਵੱਧ ਲੋਕ ਲਾਪਤਾ ਹਨ। ਇਸ ਦੇ ਨਾਲ ਹੀ ਪੁੰਛ, ਡੋਡਾ ਅਤੇ ਕਠੂਆ ਅਤੇ ਭਾਰੀ ਮੀਂਹ ਕਾਰਨ ਬੱਚਿਆਂ ਸਮੇਤ 3 ਲੋਕਾਂ ਦੀ
ਜੰਮੂ-ਕਸ਼ਮੀਰ ਦੇ ਰਾਜੌਰੀ, ਜ਼ਿਲ੍ਹਿਆਂ ਵਿੱਚ ਬੱਦਲ ਫਟਣ ਆਏ ਹੜ੍ਹਾਂ ਵਿੱਚ 2 ਮੌਤ ਹੋ ਗਈ ਹੈ। ਗੁਜਰਾਤ ਦੇ ਅਹਿਮਦਾਬਾਦ, ਸੂਰਤ ਅਤੇ ਨਵਸਾਰੀ ਜ਼ਿਲ੍ਹਿਆਂ ਵਿੱਚ ਪਿਛਲੇ 2 ਦਿਨਾਂ ਤੋਂ ਭਾਰੀ ਮੀਂਹ ਜਾਰੀ ਹੈ। ਸੂਰਤ ਤੋਂ ਬਾਅਦ ਹੁਣ ਅਹਿਮਦਾਬਾਦ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਲੋਕਾਂ ਦੇ ਘਰ ਪਾਣੀ ਨਾਲ ਭਰ ਗਏ ਹਨ। ਮੌਸਮ ਵਿਭਾਗ ਅਨੁਸਾਰ ਅੱਜ ਦੇਸ਼ ਦੇ ਸਾਰੇ ਰਾਜਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਪੂਰਬੀ ਰਾਜਸਥਾਨ, ਪੱਛਮੀ ਮੱਧ ਪ੍ਰਦੇਸ਼, ਉੱਤਰਾਖੰਡ, ਗੁਜਰ-ਾਤ, ਮੱਧ ਮਹਾਰਾਸ਼ਟਰ, ਗੋਆ, ਕਰਨਾਟਕ ਅਤੇ ਕੇਰਲ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ।

## ਮੁੱਖ ਮੰਤਰੀ ਦੇ ਕਾਫ਼ਲੇ ਦੀਆਂ ਗੱਡੀਆਂ ’ਚ ਡੀਜ਼ਲ ਦੀ ਥਾਂ ਪਾਇਆ ਪਾਣੀ, ਰਾਹ ’ਚ ਰੁਕੇ 19 ਵਾਹਨ



**ਰਤਲਾਮ।** ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਦੇ ਰਤਲਾਮ ਦੌਰੇ ਦੌਰਾਨ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਉਨ੍ਹਾਂ ਦੇ ਕਾਫਲੇ ਵਿੱਚ ਸ਼ਾਮਲ 19 ਇਨੋਵਾ ਦੋਸੀਗਾਂਓ ਦੇ ਪੈਟਰੋਲ ਪੰਪ ਤੋਂ ਡੀਜ਼ਲ ਭਰਵਾਉਣ ਤੋਂ ਬਾਅਦ ਅੱਧੇ ਰਸਤੇ ਵਿੱਚ ਹੀ ਰੁਕ ਗਈਆਂ। ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਘਟਨਾ ਬੀਤੀ ਰਾਤ ਲਗਭਗ 10 ਵਜੇ ਵਾਪਰੀ। ਮੁੱਖ ਮੰਤਰੀ ਦੇ ਕਾਫਲੇ ਦੀਆਂ ਗੱਡੀਆਂ ਨੇ ਸ਼ਹਿਰ ਦੀ ਹੱਦ ‘ਤੇ ਸਥਿਤ ਭਾਰਤ ਪੈਟਰੋਲੀਅਮ ਦੇ ਸ਼ਕਤੀ ਫਿਊਲਜ਼ ਪੈਟਰੋਲ ਪੰਪ ਤੋਂ ਡੀਜ਼ਲ ਭਰਵਾਇਆ ਸੀ। ਡੀਜ਼ਲ ਭਰਵਾਉਣ ਤੋਂ ਬਾਅਦ ਜਦੋਂ ਗੱਡੀਆਂ ਅੱਗੇ ਵਧੀਆਂ, ਤਾਂ ਕੁਝ ਦੂਰ ਜਾ ਕੇ ਇੱਕ-ਇੱਕ ਕਰਕੇ ਬੰਦ ਹੋ ਗਈਆਂ। ਇਸ ਤੋਂ ਬਾਅਦ ਗੱਡੀਆਂ ਨੂੰ ਧੱਕਾ ਮਾਰ ਕੇ ਸੜਕ ਦੇ ਕਿਨਾਰੇ ਖੜ੍ਹਾ ਕਰਨਾ ਪਿਆ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਜਾਂਚ ਦੌਰਾਨ ਖੁਲਾਸਾ ਹੋਇਆ ਕਿ ਕਾਰਾਂ ਦੀਆਂ ਡੀਜ਼ਲ ਟੈਂਕੀਆਂ ਵਿਚ 20 ਲਿਟਰ ਡੀਜ਼ਲ ’ਚ ਕਰੀਬ ਅੱਧਾ ਪਾਣੀ ਮਿਲਿਆ ਹੋਇਆ ਸੀ। ਇਹ ਜਾਣਕਾਰੀ ਮਿਲਦੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਭਾਜੜਾਂ ਪੈ ਗਈਆਂ। ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਪੈਟਰੋਲ ਪੰਪ ਨੂੰ ਸੀਲ ਕਰ ਦਿੱਤਾ ਹੈ ਅਤੇ ਤੇਲ ਦੇ ਨਮੂਨੇ ਜਾਂਚ ਲਈ ਭੇਜ ਦਿੱਤੇ ਗਏ ਹਨ। ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕੀ ਇਹ ਗਲਤੀ ਮੀਂਹ ਦਾ ਪਾਣੀ ਟੈਂਕੀ ਵਿੱਚ ਲੀਕ ਹੋਣ ਕਾਰਨ ਹੋਈ ਹੈ ਜਾਂ ਇਹ ਕਿਸੇ ਦੀ ਲਾਪਰਵਾਹੀ ਦਾ ਨਤੀਜਾ ਹੈ। ਇਨ੍ਹਾਂ ਗੱਡੀਆਂ ਦੇ ਖ਼ਰਾਬ ਹੋਣ ਕਾਰਨ ਬਦਲਵੀਆਂ ਗੱਡੀਆਂ ਇਦੌਰ ਤੋਂ ਮੰਗਾਈਆਂ ਗਈਆਂ ਸਨ। ਮਾਮਲੇ ਦੀ ਜਾਂਚ ਜਾਰੀ ਹੈ।

## ਕੋਲਕਾਤਾ ਦੇ ਲਾਅ ਕਾਲਜ 'ਚ ਵਿਦਿਆਰਥਣ ਨਾਲ ਸਮੂਹਿਕ ਜਬਰ ਜ਼ਨਾਹ, 3 ਮੁਲਜ਼ਮ ਗ੍ਰਿਫ਼ਤਾਰ




**ਕੋਲਕਾਤਾ।** ਕੋਲਕਾਤਾ ਵਿਚ ਇਕ ਲਾਅ ਕਾਲਜ ਦੀ ਵਿਦਿਆਰਥਣ ਨਾਲ ਸਮੂਹਿਕ ਜਬਰ ਜ਼ਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ 25 ਜੂਨ ਨੂੰ ਵਾਪਰੀ ਸੀ। ਪੁਲਿਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਅਨੁਸਾਰ ਮੁਲਜ਼ਮਾਂ ਦੀ ਪਛਾਣ ਮਨੋਜੀਤ ਮਿਸ਼ਰਾ (31), ਜ਼ੈਬ ਅਹਿਮਦ (19) ਅਤੇ ਪ੍ਰਮਿਤ ਮੁਖਰਜੀ (20) ਵਜੋਂ ਹੋਈ ਹੈ। ਤਿੰਨਾਂ ਨੂੰ ਦੱਖਣੀ 24 ਪਰਗਨਾ ਦੇ ਅਲੀਪੁਰ ਏਸੀਐਮਜੇ ਅਦਾਲਤ ਵਿਚ ਪੇਸ਼ ਕੀਤਾ ਗਿਆ, ਅਦਾਲਤ ਨੇ ਮੁਲਜ਼ਮਾਂ ਨੂੰ 4 ਦਿਨ ਦੇ ਰਿਮਾਂਡ 'ਤੇ ਭੇਜਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਅੱਗੇ ਦੀ ਜਾਂਚ ਲਈ ਮੁਲਜ਼ਮਾਂ ਤੋਂ ਪੁੱਛਗਿੱਛ ਜ਼ਰੂਰੀ ਹੈ। ਪੀੜਤਾ ਦੀ ਡਾਕਟਰੀ ਜਾਂਚ ਅਤੇ ਬਿਆਨ ਦੀ ਪ੍ਰਕਿਰਿਆ ਵੀ ਜਾਰੀ ਹੈ। ਭਾਜਪਾ ਨੇ ਮੁਲਜ਼ਮਾਂ ਵਿਚੋਂ ਇਕ ਮਨੋਜੀਤ ਮਿਸ਼ਰਾ 'ਤੇ ਤ੍ਰਿਣਮੂਲ ਕਾਂਗਰਸ ਨਾਲ ਜੁੜੇ ਹੋਣ ਦਾ ਦੋਸ਼ ਲਗਾਇਆ ਹੈ। ਇਹ ਘਟਨਾ ਬੁੱਧਵਾਰ ਸ਼ਾਮ 7:30 ਵਜੇ ਤੋਂ 8:50 ਵਜੇ ਦੇ ਵਿਚਕਾਰ ਕਾਲਜ ਕੈਂਪਸ ਵਿਚ ਵਾਪਰੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਚ ਦੋ ਮੌਜੂਦਾ ਵਿਦਿਆਰਥੀ ਅਤੇ ਇਕ ਸਾਬਕਾ ਵਿਦਿਆਰਥੀ ਸ਼ਾਮਲ ਹੈ। ਦੋ ਮੁਲਜ਼ਮਾਂ ਮੋਨੋਜੀਤ ਮਿਸ਼ਰਾ ਅਤੇ ਜ਼ੈਬ ਅਹਿਮਦ ਨੂੰ 26 ਜੂਨ ਨੂੰ ਸ਼ਾਮ 7:20 ਵਜੇ ਤੋਂ 7:35 ਵਜੇ ਦੇ ਵਿਚਕਾਰ ਸਿਧਾਰਥ ਸ਼ੰਕਰ ਰਾਏ ਸ਼ਿਸ਼ੂ ਉਦਯਾਨ ਨੇੜੇ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਦੇ ਮੋਬਾਈਲ ਫ਼ੋਨ ਪੁਲਿਸ ਨੇ ਬਰਾਮਦ ਕਰ ਲਏ ਹਨ। ਤੀਜੇ ਮੁਲਜ਼ਮ ਪ੍ਰਮਿਤ ਮੁਖਰਜੀ ਨੂੰ 27 ਜੂਨ ਨੂੰ ਸਵੇਰੇ 12:30 ਵਜੇ ਉਸਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਦਾ ਮੋਬਾਈਲ ਫ਼ੋਨ ਵੀ ਜ਼ਬਤ ਕਰ ਲਿਆ ਗਿਆ ਹੈ। ਭਾਜਪਾ ਆਗੂ ਅਮਿਤ ਮਾਲਵੀਆ ਨੇ ਸੋਸ਼ਲ ਮੀਡੀਆ 'ਤੇ ਇਕ ਖ਼ਬਰ ਸਾਂਝੀ ਕੀਤੀ ਅਤੇ ਲਿਖਿਆ, "ਹੈਰਾਨ ਕਰਨ ਵਾਲੀ ਘਟਨਾ! ਕਾਲਜ ਕੈਂਪਸ ਵਿਚ ਇਕ ਲਾਅ ਦੀ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ, ਦੋਸ਼ੀਆਂ ਵਿਚ ਇਕ ਸਾਬਕਾ ਵਿਦਿਆਰਥੀ ਅਤੇ ਦੋ ਕਾਲਜ ਸਟਾਫ ਸ਼ਾਮਲ ਹਨ।" ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਇਸ ਮਾਮਲੇ ਵਿਚ ਤ੍ਰਿਣਮੂਲ ਕਾਂਗਰਸ ਨਾਲ ਜੁੜਿਆ ਇਕ ਵਿਅਕਤੀ ਵੀ ਸ਼ਾਮਲ ਹੈ।

# ਲਿਵ-ਇਨ ਰਿਲੇਸ਼ਨਸ਼ਿਪ ਦੇ ਵਧ ਰਹੇ ਮਾਮਲਿਆਂ ਤੋਂ ਅਦਾਲਤਾਂ ਹੋ ਗਈਆਂ ਤੰਗ

**ਨਵੀਂ ਦਿਲੀ।** ਇਲਾਹਾਬਾਦ ਹਾਈ ਕੋਰਟ ਨੇ ਹਾਲ ਹੀ ਵਿੱਚ ਕਿਹਾ ਕਿ ਲਿਵ-ਇਨ ਰਿਸ਼ਤੇ ਜੋ ਖ਼ਰਾਬ ਹੋ ਜਾਂਦੇ ਹਨ, ਅੰਤ ਵਿੱਚ ਅਦਾਲਤਾਂ ਦੇ ਸਾਹਮਣੇ ਕਾਨੂੰਨੀ ਲੜਾਈਆਂ ਵਿੱਚ ਬਦਲ ਜਾਂਦੇ ਹਨ ਕਿਉਂਕਿ ਅਜਿਹੇ ਰਿਸ਼ਤੇ ਭਾਰਤੀ ਮੱਧ-ਵਰਗੀ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਵਿਰੁੱਧ ਹਨ। ਅਦਾਲਤ ਨੇ ਇਹ ਟਿੱਪਣੀ ਇੱਕ ਵਿਅਕਤੀ ਨੂੰ ਜ਼ਮਾਨਤ ਦਿੰਦੇ ਹੋਏ ਕੀਤੀ, ਜਿਸ ’ਤੇ ਵਿਆਹ ਦਾ ਝੂਠਾ ਵਾਅਦਾ ਕਰ ਕੇ ਇੱਕ ਔਰਤ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਹੈ। ਜਸਟਿਸ ਸਿਧਾਰਥ ਦੇ ਬੈਂਚ ਨੇ ਕਿਹਾ ਕਿ ਜਦੋਂ ਤੋਂ ਸੁਪਰੀਮ ਕੋਰਟ ਨੇ ਲਿਵ-ਇਨ ਰਿਲੇਸ਼ਨਸ਼ਿਪ ਨੂੰ ‘ਕਾਨੂੰਨੀ’ ਬਣਾਇਆ ਹੈ, ਅਦਾਲਤਾਂ ਵਿਚ ਅਜਿਹੇ ਮਾਮਲਿਆਂ ਦਾ ਹੜ੍ਹ ਆ ਗਿਆ ਹੈ। ਅਦਾਲਤ ਨੇ ਕਿਹਾ, ‘‘ਇਸ ਅਦਾਲਤ ਨੂੰ ਲੱਗਦਾ ਹੈ ਕਿ ਸੁਪਰੀਮ ਕੋਰਟ ਦੁਆਰਾ ਲਿਵ-ਇਨ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਬਾਅਦ, ਅਦਾਲਤ ਅਜਿਹੇ ਮਾਮਲਿਆਂ ਤੋਂ ਤੰਗ ਆ ਗਈ ਹੈ। ਇਹ ਮਾਮਲੇ ਅਦਾਲਤ ਦੇ ਸਾਹਮਣੇ ਇਸ ਲਈ ਆ ਰਹੇ ਹਨ ਕਿਉਂਕਿ



ਲਿਵ-ਇਨ ਸਬੰਧਾਂ ਦੀ ਧਾਰਨਾ ਭਾਰਤੀ ਮੱਧ ਵਰਗ ਸਮਾਜ ਵਿੱਚ ਸਥਾਪਤ ਕਦਰਾ ਕੀਮਤਾਂ ਦੇ ਵਿਰੁੱਧ ਹੈ।’’ ਜੱਜ ਨੇ ਕਿਹਾ ਕਿ ਜਦੋਂ ਲਿਵ-ਇਨ ਰਿਸ਼ਤਾ ਖ਼ਤਮ ਹੁੰਦਾ ਹੈ ਤਾਂ ਔਰਤਾਂ ਨੂੰ ਮਰਦਾਂ ਨਾਲੋਂ ਜ਼ਿਆਦਾ ਦੁੱਖ ਹੁੰਦਾ ਹੈ। ਜਸਟਿਸ ਸਿਧਾਰਥ ਨੇ ਕਿਹਾ, ‘‘ਲਿਵ-ਇਨ-ਰਿਲੇਸ਼ਨਸ਼ਿਪ ਦੀ ਧਾਰਨਾ ਔਰਤਾਂ ਦੇ ਹਿੱਤ ਦੇ ਵਿਰੁੱਧ ਹੈ ਕਿਉਂਕਿ ਇੱਕ ਆਦਮੀ ਇੱਕ ਔਰਤ ਨਾਲ ਜਾਂ ਕਈ ਔਰਤਾਂ ਨਾਲ ਲਿਵ-ਇਨ-ਰਿਲੇਸ਼ਨਸ਼ਿਪ ਰੱਖਣ ਤੋਂ ਬਾਅਦ ਵੀ ਵਿਆਹ ਕਰ ਸਕਦਾ ਹੈ ਪਰ ਬ੍ਰੇਕਅੱਪ ਤੋਂ ਬਾਅਦ ਔਰਤਾਂ ਲਈ ਜੀਵਨ ਸਾਥੀ ਲੱਭਣਾ ਮੁਸ਼ਕਲ ਹੁੰਦਾ ਹੈ।’’ ਅਦਾਲਤ ਸ਼ੇਨ ਆਲਮ ਨਾਮ ਦੇ ਇੱਕ ਵਿਅਕਤੀ ਦੀ ਜ਼ਮਾਨਤ ਪਟੀਸ਼ਨ ’ਤੇ ਸੁਣਵਾਈ ਕਰ ਰਹੀ ਸੀ, ਜਿਸ ’ਤੇ ਭਾਰਤੀ ਨਿਆਂ ਸੰਹਿਤਾ, 2023 (ਬੀਐਨਐਸ) ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ (ਪੋਕਸੋ ਐਕਟ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕਥਿਤ ਤੌਰ ’ਤੇ ਪੀੜਤਾ ਨਾਲ ਵਿਆਹ ਦਾ ਝੂਠਾ ਵਾਅਦਾ ਕਰ ਕੇ ਸਰੀਰਕ ਸੰਬੰਧ ਬਣਾਉਣ ਦਾ ਦੋਸ਼ ਲਗਾਇਆ ਗਿਆ ਸੀ। ਸ਼ਿਕਾਇਤ ਦੇ ਅਨੁਸਾਰ, ਬਾਅਦ ਵਿੱਚ ਉਸਨੇ ਪੀੜਤ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਪੀੜਤਾ ਦੇ ਵਕੀਲ ਮਧੂ ਯਾਦਵ ਨੇ ਦਲੀਲ ਦਿੱਤੀ ਕਿ ਦੋਸ਼ੀ ਦੀਆਂ ਕਾਰਵਾਈਆਂ ਨੇ ਪੀੜਤਾ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ ਕਿਉਂਕਿ ਹੁਣ ਉਸ ਲਈ ਵਿਆਹ ਲਈ ਢੁਕਵਾਂ ਜੀਵਨ ਸਾਥੀ ਲੱਭਣਾ ਮੁਸ਼ਕਲ ਹੋ ਜਾਵੇਗਾ। ਅਦਾਲਤ ਨੇ ਕਿਹਾ ਕਿ ਭਾਵੇਂ ਨੌਜਵਾਨ ਪੀੜ੍ਹੀ ਲਿਵ-ਇਨ ਰਿਲੇਸ਼ਨਸ਼ਿਪ ਦੇ ਸੰਕਲਪ ਵੱਲ ਬਹੁਤ ਆਕਰਸ਼ਿਤ ਹੈ, ਪਰ ਇਸ ਦੇ ਮਾੜੇ ਨਤੀਜੇ ਮੌਜੂਦਾ ਮਾਮਲਿਆਂ ਵਿੱਚ ਦੇਖੇ ਜਾ ਸਕਦੇ ਹਨ। ਅਦਾਲਤ ਨੇ ਆਖ਼ਰਕਾਰ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ। ਜ਼ਮਾਨਤ ਬਿਨੈਕਾਰ/ਦੋਸ਼ੀ ਵੱਲੋਂ ਵਕੀਲ ਸਤੀਸ਼ ਚੰਦਰ ਸਿੰਘ ਪੇਸ਼ ਹੋਏ।

## ਸੰਵਿਧਾਨ ਦੀ ਆਤਮਾ ਉਤੇ ਹਮਲਾ ਹੋ ਰਿਹੈ: ਕਾਂਗਰਸ




**ਨਵੀਂ ਦਿਲੀ।** ਕਾਂਗਰਸ ਨੇ ਸ਼ੁਕਰਵਾਰ ਨੂੰ ਦੋਸ਼ ਲਾਇਆ ਕਿ ਆਰ.ਐਸ.ਐਸ. ਨੇ ਕਦੇ ਵੀ ਸੰਵਿਧਾਨ ਨੂੰ ਮਨਜ਼ੂਰ ਨਹੀਂ ਕੀਤਾ ਅਤੇ ਪ੍ਰਸਤਾਵਨਾ ਵਿਚ ਸਮਾਜਵਾਦੀ ਅਤੇ ਧਰਮ ਨਿਰਪੱਖ ਸ਼ਬਦਾਂ ਦੀ ਸਮੀਖਿਆ ਕਰਨ ਦਾ ਉਸ ਦਾ ਸੱਦਾ ਬਾਬਾ ਸਾਹਿਬ ਅੰਬੇਡਕਰ ਦੇ ਨਿਆਂਪੂਰਨ, ਸਮਾਵੇਸ਼ੀ ਅਤੇ ਲੋਕਤੰਤਰੀ ਭਾਰਤ ਦੇ ਸੁਪਨੇ ਨੂੰ ਖਤਮ ਕਰਨ ਦੀ ਲੰਮੇ ਸਮੇਂ ਤੋਂ ਚੱਲੀਆ ਰਹੀ ਸਾਜ਼ਸ਼ ਦਾ ਹਿੱਸਾ ਹੈ। ਵਿਰੋਧੀ ਪਾਰਟੀ ਨੇ ਇਹ ਵੀ ਕਿਹਾ ਕਿ ਆਰ.ਐਸ.ਐਸ. ਦਾ ਸੁਝਾਅ ਸਾਡੇ ਸੰਵਿਧਾਨ ਦੀ ਆਤਮਾ ਉਤੇ ਜਾਣਬੁਝ ਕੇ ਹਮਲਾ ਹੈ। ਕਾਂਗਰਸ ਦਾ ਇਹ ਹਮਲਾ ਆਰ.ਐਸ.ਐਸ. ਵਲੋਂ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸਮਾਜਵਾਦੀ ਅਤੇ ਧਰਮ ਨਿਰਪੱਖ ਸ਼ਬਦਾਂ ਦੀ ਸਮੀਖਿਆ ਕਰਨ ਦੀ ਮੰਗ ਕਰਨ ਦੇ ਇਕ ਦਿਨ ਬਾਅਦ ਆਇਆ ਹੈ। ਕਾਂਗਰਸ ਦੇ ਜਨਰਲ ਸਕੱਤਰ ਅਤੇ ਸੰਚਾਰ ਜੈਰਾਮ ਰਮੇਸ਼ ਨੇ ਕਿਹਾ ਕਿ ਆਰ.ਐਸ.ਐਸ. ਨੇ ਕਦੇ ਵੀ ਭਾਰਤ ਦੇ ਸੰਵਿਧਾਨ ਨੂੰ ਮਨਜ਼ੂਰ ਨਹੀਂ ਕੀਤਾ। ‘ਐਕਸ’ ’ਤੇ ਇਕ ਪੋਸਟ ’ਚ ਉਨ੍ਹਾਂ ਕਿਹਾ, ‘‘ਇਸ ਨੇ ਡਾ. ਅੰਬੇਡਕਰ, ਨਹਿਰੂ ਅਤੇ 30 ਨਵੰਬਰ, 1949 ਤੋਂ ਬਾਅਦ ਇਸ ਨੂੰ ਤਿਆਰ ਕਰਨ ਵਿਚ ਸ਼ਾਮਲ ਹੋਰਾਂ ਉਤੇ ਹਮਲਾ ਕੀਤਾ। ਆਰ.ਐਸ.ਐਸ. ਦੇ ਅਪਣੇ ਸ਼ਬਦਾਂ ’ਚ, ਸੰਵਿਧਾਨ ਮਨੂਸਮ੍ਰਿਤੀ ਤੋਂ ਪ੍ਰੇਰਿਤ ਨਹੀਂ ਸੀ।’’ ਜ਼ਿਕਰਯੋਗ ਹੈ ਕਿ ਆਰ.ਐਸ.ਐਸ. ਅਤੇ ਭਾਜਪਾ ਨੇ ਵਾਰ-ਵਾਰ ਨਵੇਂ ਸੰਵਿਧਾਨ ਦੀ ਮੰਗ ਕੀਤੀ ਹੈ।

## ਦਿਲਜੀਤ ਦੀ ‘ਸਰਦਾਰ ਜੀ 3’ ਨੂੰ ਪਾਕਿਸਤਾਨ ਦੇ ਤਿੰਨ ਸੈਂਸਰ ਬੋਰਡਾਂ ਨੇ ਦਿੱਤੀ ਮਨਜ਼ੂਰੀ



**ਇਸਲਾਮਾਬਾਦ।** ਗਾਇਕ ਤੇ ਅਦਾਕਾਰ ਦਿਲਜੀਤ ਦੁਸਾਂਝ ਦੀ ਪੰਜਾਬੀ ਫਿਲਮ ‘ਸਰਦਾਰ ਜੀ 3’ ਨੂੰ ਪਾਕਿਸਤਾਨ ਦੇ ਵੱਖ ਵੱਖ ਸੈਂਸਰ ਬੋਰਡਾਂ ਨੇ ਰਿਲੀਜ਼ ਲਈ ਹਰੀ ਝੰਡੀ ਦੇ ਦਿੱਤੀ ਹੈ। ਫ਼ਿਲਮ ਦੀ ਕਾਸਟਿੰਗ ਵਿਚ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਨੂੰ ਲੈ ਕੇ ਉੱਠੇ ਵਿਵਾਦ ਮਗਰੋਂ ‘ਸਰਦਾਰ ਜੀ 3’ ਨੂੰ ਭਾਰਤ ਵਿਚ ਰਿਲੀਜ਼ ਨਾ ਕਰਨ ਦਾ ਫੈਸਲਾ ਕੀਤਾ ਗਿਆ ਸੀ। ਕਰਾਚੀ ਵਿਚ ਸਿਨੇਮਾਘਰਾਂ ਦੀ ਲੜੀ ਦੇ ਮਾਲਕ ਅਤੇ ਸਭ ਤੋਂ ਵੱਡੇ ਪ੍ਰਦਰਸ਼ਕਾਂ ਵਿੱਚੋਂ ਇੱਕ ਨਦੀਮ ਮੰਡਵੀਵਾਲਾ ਨੇ ਇਸ ਸ਼ੁੱਕਰਵਾਰ ਨੂੰ ਫਿਲਮ ਦੀ ਰਿਲੀਜ਼ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿ-ਸਤਾਨ ਵਿੱਚ ਭਾਵੇਂ ਭਾਰਤੀ ਫਿਲਮਾਂ ਦੀ ਸਕਰੀਨਿੰਗ ’ਤੇ ਪਾਬੰਦੀ ਹੈ, ਪਰ ਸੈਂਸਰ ਬੋਰਡ ਨੇ ਇਸ ਲਈ ਮਨਜ਼ੂਰੀ ਦੇ ਦਿੱਤੀ ਹੈ ਕਿਉਂਕਿ ਨਿਰਮਾਤਾਵਾਂ ਵਿੱਚੋਂ ਇੱਕ ਪਾਕਿਸਤਾਨੀ ਸ਼ਾਮਿਲ ਹੈ, ਜਿਸ ਦਾ ਨਾਮ ਜ਼ੈਨ ਵਲੀ ਹੈ। ਫ਼ਿਲਮ ਡਿਸਟ੍ਰੀਬਿਊਟਰ ਸਲੀਮ ਸ਼ਹਿਜ਼ਾਦ ਨੇ ਕਿਹਾ ਕਿ ਫਿਲਮ ਦੀ ਸਕਰੀਨਿੰਗ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ ਕਿਉਂਕਿ ਇਹ ਇੱਕ ਪੰਜਾਬੀ ਅੰਤਰਰਾਸ਼ਟਰੀ ਫਿਲਮ ਹੈ ਅਤੇ ਇਸ ਨੂੰ ਭਾਰਤੀ ਫਿਲਮ ਦਾ ਦਰਜਾ ਨਹੀਂ ਦਿੱਤਾ ਗਿਆ ਹੈ। ਹਾਨੀਆ ਨੇ ਆਪਣੇ ਸੋਸ਼ਲ ਮੀਡੀਆ’ਤੇ ਫਿਲਮ ਦਾ ਇੱਕ ਪੋਸਟਰ ਵੀ ਸਾਂਝਾ ਕੀਤਾ ਹੈ। ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਭਾਰਤ ਵਿੱਚ ਪਾਕਿਸਤਾਨੀ ਫਿਲਮਾਂ, ਕਲਾਕਾਰਾਂ ਅਤੇ ਅਦਾਕਾਰਾਂ ’ਤੇ ਲਾਈ ਪਾਬੰਦੀ ਕਾਰਨ ਭਾਰਤ ਵਿੱਚ ਫਿਲਮ ਦੀ ਰਿਲੀਜ਼ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਫਿਲਮ ਦੀਆਂ ਮੁੱਖ ਨਿਰਮਾਣ ਕੰਪਨੀਆਂ ਵ੍ਹਾਈਟ ਹਿੱਲ ਸਟੂਡੀਓਜ਼ ਅਤੇ ਸਟੋਰੀ ਟਾਈਮ ਪ੍ਰੋਡਕਸ਼ਨ ਨੇ ਅਜੇ ਤੱਕ ਆਪਣੇ ਅਧਿਕਾਰਤ ਪਲੈਟਫਾਰਮਾਂ ’ਤੇ ‘ਸਰਦਾਰ ਜੀ 3’ ਦੀ ਪਾਕਿਸਤਾਨ ਵਿਚ ਰਿਲੀਜ਼ ਲਈ ਕੋਈ ਐਲਾਨ ਨਹੀਂ ਕੀਤਾ ਹੈ।

## ਭਾਰੀ ਮੀਂਹ ਕਾਰਨ ਝਨਾਬ ਨਦੀ ’ਚ ਵਧਿਆ ਪਾਣੀ ਦਾ ਪੱਧਰ



**ਜੰਮੂ।** ਜੰਮੂ ਅਤੇ ਕਸ਼ਮੀਰ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਕਾਰਨ ਝਨਾਬ ਨਦੀ ਦੇ ਪਾਣੀ ਦਾ ਪੱਧਰ ਵਧ ਗਿਆ, ਜਿਸ ਕਾਰਨ ਬਗਲੀਹਾਰ ਪਣ-ਬਿਜਲੀ ਪ੍ਰਾਜੈਕਟ ਓਵਰਫ਼ਲੋ ਹੋ ਗਿਆ। ਅਧਿਕਾਰੀ ਦੇ ਅਨੁਸਾਰ, ਡੋਡਾ ਜ਼ਿਲ੍ਹੇ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਕਾਰਨ ਕਈ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਡੋਡਾ-ਕਿਸ਼ਤਵਾੜ-ਰਾਮਬਨ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਸ਼੍ਰੀਧਰ ਪਾਟਿਲ ਨੇ ਸਥਿਤੀ ਨੂੰ ਸਵੀਕਾਰ ਕੀਤਾ ਅਤੇ ਲੋਕਾਂ ਨੂੰ ਨਦੀਆਂ ਅਤੇ ਹੜ੍ਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਏਐਨਆਈ ਨਾਲ ਗੱਲ ਕਰਦੇ ਹੋਏ ਡੀਆਈਜੀ ਪਾਟਿਲ ਨੇ ਕਿਹਾ, ‘‘ਤੁਸੀਂ ਸਾਰਿਆਂ ਨੇ ਦੇਖਿਆ ਹੋਵੇਗਾ ਕਿ ਚਨਾਬ ਨਦੀ ਵਿੱਚ ਪਾਣੀ ਦਾ ਪੱਧਰ ਵਧਿਆ ਹੈ। ਡੋਡਾ ਜ਼ਿਲ੍ਹੇ ਵਿੱਚ ਵੀ ਇੱਕ ਘਟਨਾ ਸਾਡੇ ਧਿਆਨ ਵਿੱਚ ਆਈ ਹੈ ਜਿਸ ਵਿੱਚ ਕੁਝ ਲੋਕਾਂ ਦੀ ਜਾਨ ਚਲੀ ਗਈ ਹੈ। ਮੈਂ ਸਾਰੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਨਦੀਆਂ ਦੇ ਨੇੜੇ ਨਾ ਜਾਣ... ਪਾਣੀ ਦਾ ਪੱਧਰ ਬਹੁਤ ਉੱਚਾ ਹੈ। ਆਪਣੇ ਆਪ ਨੂੰ ਜੋਖਮ ਵਿੱਚ ਨਾ ਪਾਓ।’’ ਬੁੱਧਵਾਰ ਨੂੰ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਨੇ ਕਿਹਾ ਕਿ ਚਨਾਬ ਨਦੀ ਵਿੱਚ ਪਾਣੀ ਦਾ ਪੱਧਰ ਵਧ ਗਿਆ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਹਿਮਦਾਬਾਦ 'ਚ ਜਗਨਨਾਥ ਰੱਥ ਯਾਤਰਾ ਦੌਰਾਨ ਹਾਥੀ ਬੇਕਾਬੂ



**ਅਹਿਮਦਾਬਾਦ।** ਅੱਜ ਸਵੇਰੇ 10 ਵਜੇ ਅਹਿਮਦਾਬਾਦ ਵਿਚ ਭਗਵਾਨ ਜਗਨਨਾਥ ਜੀ ਦੀ ਰੱਥ ਯਾਤਰਾ ਵਿਚ ਇਕ ਹਾਥੀ ਬੇਕਾਬੂ ਹੋ ਗਿਆ। ਇਸ ਤੋਂ ਬਾਅਦ ਰੱਥ ਯਾਤਰਾ ਵਿਚ ਭਗਦੜ ਮਚ ਗਈ। ਲੋਕ ਇਧਰ-ਉਧਰ ਭੱਜਦੇ ਦਿਖਾਈ ਦਿਤੇ। ਇਹ ਹਾਥੀ ਰੱਥ ਯਾਤਰਾ ਵਿਚ 17 ਹਾਥੀਆਂ ਦੇ ਸਮੂਹ ਵਿਚ ਅਗਵਾਈ ਕਰ ਰਿਹਾ ਸੀ। ਜੰਗਲਾਤ ਵਿਭਾਗ ਦੇ ਕਰਮਚਾਰੀਆਂ ਨੇ ਇਸ ਨੂੰ ਕਾਬੂ ਕੀਤਾ, ਜਿਸ ਤੋਂ ਬਾਅਦ ਇਸ ਨੂੰ ਯਾਤਰਾ ਤੋਂ ਹਟਾ ਦਿਤਾ ਗਿਆ। ਰੱਥ ਯਾਤਰਾ ਜਮਾਲਪੁਰ ਸਥਿਤ ਮੰਦਰ ਤੋਂ ਸ਼ੁਰੂ ਹੋਵੇਗੀ ਤੇ ਇਲਾਕੇ ਦੇ ਆਸ-ਪਾਸ ਦੇ ਖੇਤਰਾਂ ਦਾ ਦੌਰਾ ਕਰਦੀ ਹੋਈ ਸ਼ਾਮ ਤਕ ਮੰਦਰ ਵਿਚ ਵਾਪਸ ਆ ਜਾਵੇਗੀ। ਜਗਨਨਾਥ ਯਾਤਰਾ ਸਵੇਰੇ 7 ਵਜੇ ਅਹਿਮਦਾਬਾਦ ਵਿਚ ਸ਼ੁਰੂ ਹੋਈ। ਮੁੱਖ ਮੰਤਰੀ ਭੁਪੇਂਦਰ ਪਟੇਲ ਨੇ ਪਹਿੰਦ ਵਿਧੀ ਕਰ ਕੇ ਰੱਥ ਯਾਤਰਾ ਦੀ ਸ਼ੁਰੂਆਤ ਕੀਤੀ। ਭਗਵਾਨ ਦੀਆਂ ਤਿੰਨ ਮੂਰਤੀਆਂ ਨੂੰ ਸਵੇਰੇ 5 ਤੋਂ 6 ਵਜੇ ਤੱਕ ਰੱਥ 'ਤੇ ਬਿਠਾਇਆ ਗਿਆ। ਇਸ ਵਿਚ, ਰੱਥ ਦੇ ਸਾਹਮਣੇ ਸੋਨੇ ਦਾ ਝਾੜੂ ਰੱਖਿਆ ਗਿਆ ਹੈ। ਭਗਵਾਨ ਰਾਤ ਲਗਭਗ 8:30 ਵਜੇ ਮੰਦਰ ਵਾਪਸ ਆਉਣਗੇ। ਇਸ ਤੋਂ ਪਹਿਲਾਂ, ਜਗਨਨਾਥ ਮੰਦਰ ਵਿਚ ਸਵੇਰੇ 4 ਵਜੇ ਮੰਗਲਾ ਆਰਤੀ ਕੀਤੀ ਗਈ। ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਉਨ੍ਹਾਂ ਦਾ ਪਰਵਾਰ ਵੀ ਸ਼ਾਮਲ ਹੋਏ। ਇਸ ਦੌਰਾਨ ਭਗਵਾਨ ਨੂੰ ਖਿਚੜੀ ਚੜ੍ਹਾਈ ਗਈ। ਪੁਰੀ ਵਿਚ, ਭਗਵਾਨ ਜਗਨਨਾਥ, ਬਲਭਦਰ ਅਤੇ ਸੁਭਦਰਾ ਜੀ ਦੇ ਰੱਥ ਸ਼ਾਮ 4 ਵਜੇ ਖਿੱਚੇ ਜਾਣਗੇ। ਉਦੈਪੁਰ ਵਿਚ, ਭਗਵਾਨ ਲਗਭਗ 80 ਕਿਲੋ ਚਾਂਦੀ ਦੇ ਬਣੇ ਰੱਥ ਵਿਚ ਸਵਾਰ ਹੋਣਗੇ।

# ਨੀਲੇ ਡਰੰਮ 'ਚੋਂ ਲਾਸ਼ ਮਿਲਣ ਦਾ ਮਾਮਲਾ, ਪੁਲਿਸ ਨੇ ਮੁਲਜ਼ਮ ਕੀਤੇ ਕਾਬੂ



**ਲੁਧਿਆਣਾ।** ਬੀਤੇ ਦਿਨ ਲੁਧਿਆਣਾ ਜ਼ਿਲ੍ਹੇ ਦੇ ਸ਼ੇਰਪੁਰ ਇਲਾਕੇ ਵਿੱਚ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਨੀਲੇ ਰੰਗ ਦੇ ਡਰੰਮ 'ਚੋਂ ਮਿਲੀ ਸੀ। ਚਸ਼ਮਦੀਦਾਂ ਅਨੁਸਾਰ ਲਾਸ਼ ਦੇ ਦੋਵੇਂ ਹੱਥ ਅਤੇ ਲੱਤਾਂ ਰੱਸੀ ਨਾਲ ਬੰਨ੍ਹੀਆਂ ਹੋਈਆਂ ਸਨ, ਜਿਨ੍ਹਾਂ ਨੂੰ ਚਾਦਰ ਵਿੱਚ ਲਪੇਟ ਕੇ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਪਾ ਕੇ ਨੀਲੇ ਰੰਗ ਦੇ ਡਰੰਮ ਵਿੱਚ ਸੁੱਟ ਦਿੱਤਾ ਗਿਆ ਸੀ। ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਲਾਸ਼ ਵਿਚੋਂ ਬਦਬੂ ਆਉਣੀ ਸ਼ੁਰੂ ਹੋ ਗਈ। ਇਸ ਮਗਰੋਂ ਲੋਕਾਂ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਤੇ ਤੁਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੁਲਿਸ ਨੇ ਇਲਾਕੇ ਵਿਚ ਲੱਗੇ ਕੈਮਰਿਆਂ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ। ਪੁਲਿਸ ਡਰੰਮ ਵੇਚਣ ਵਾਲਿਆਂ ਤੋਂ ਪੁੱਛਗਿੱਛ ਵੀ ਕਰਦੀ ਰਹੀ। ਪੁਲਿਸ ਨੇ ਆਖ਼ਰਕਾਰ ਇਸ ਕਤਲ ਕਾਂਡ 'ਚ ਸ਼ਾਮਲ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਨੀਲੇ ਡਰੰਮ 'ਚ ਲਾਸ਼ ਮਿਲਣ ਤੋਂ ਬਾਅਦ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਸੀ, ਕਿਉਂਕਿ ਲਗਭਗ 1 ਸਾਲ ਪਹਿਲਾਂ ਵੀ ਇਸੇ ਇਲਾਕੇ ਤੋਂ ਇਕ ਸੂਟਕੇਸ 'ਚੋਂ ਲਾਸ਼ ਦੇ ਟੁਕੜੇ ਮਿਲੇ ਸਨ। ਪੁਲਿਸ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਇਸ ਸਬੰਧੀ ਦੱਸਿਆ ਕਿ ਮ੍ਰਿਤਕ ਦਾ ਨਾਮ ਮਨੋਜ ਕੁਮਾਰ ਸੀ। ਇਸ ਮਾਮਲੇ ਵਿਚ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਦੇ ਨਾਮ-ਸਾਗੂ ਪ੍ਰਸਾਦ, ਊਸ਼ਾ ਦੇਵੀ, ਸੀਡੂ ਕੁਮਾਰ, ਜੈ ਵੀਰ ਅਤੇ ਵਿਸ਼ਾਲ ਕੁਮਾਰ ਹਨ। ਉਨ੍ਹਾਂ ਦੱਸਿਆ ਕਿ ਇਹ ਸਾਰੇ ਪ੍ਰਵਾਸੀ ਹਨ ਅਤੇ ਲੁਧਿਆਣਾ ਵਿੱਚ ਦਿਹਾੜੀ ਦਾ ਕੰਮ ਕਰਦੇ ਹਨ। ਮਨੋਜ ਕੁਮਾਰ ਹਰ ਰੋਜ਼ ਮੁਲਜ਼ਮਾਂ ਨਾਲ ਬੈਠ ਕੇ ਸ਼ਰਾਬ ਪੀਂਦਾ ਸੀ ਤੇ ਇਸ ਦੌਰਾਨ ਇਨ੍ਹਾਂ ਵਿਚਕਾਰ ਮਾਮੂਲੀ ਗੱਲ ਨੂੰ ਲੈ ਕੇ ਤਕਰਾਰ ਹੋ ਗਈ। ਲੜਾਈ ਝਗੜੇ ਦੌਰਾਨ ਮੁਲਜ਼ਮਾਂ ਨੇ ਮਨੋਜ ਕੁਮਾਰ ਉੱਤੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਿਸ ਤੋਂ ਬਾਅਦ ਮਨੋਜ ਕੁਮਾਰ ਬੇਹੋਸ਼ ਹੋ ਗਿਆ। ਕਤਲ ਤੋਂ ਅਗਲੇ ਦਿਨ ਇਨ੍ਹਾਂ ਨੇ ਲਾਸ਼ ਨੂੰ ਲਿਫ਼ਾਫ਼ੇ ਵਿਚ ਪਾ ਕੇ ਨੀਲੇ ਡਰੰਮ ਵਿਚ ਪਾ ਲਈ ਅਤੇ ਈ-ਰਿਕਸ਼ਾ ਵਿਚ ਰੱਖ ਕੇ ਡਰੰਮ ਨੂੰ ਸ਼ੇਰਪੁਰ 'ਚ ਕੂੜੇ ਦੇ ਢੇਰ ਉੱਤੇ ਸੁੱਟ ਦਿੱਤਾ। ਪੁਲਿਸ ਨੇ ਜਦੋਂ ਇਲਾਕੇ ਵਿਚ ਸੀਸੀਟੀਵੀ ਕੈਮਰੇ ਖੰਗਾਲੇ ਤਾਂ ਈ-ਰਿਕਸ਼ਾ ਚਲਾਉਣ ਵਾਲੇ ਰੋਹਿਤ ਕੁਮਾਰ ਦੀ ਪਛਾਣ ਕੀਤੀ ਗਈ । ਉਸ ਦੇ ਬਿਆਨਾਂ ਤੋਂ ਬਾਅਦ ਪੁਲਿਸ ਨੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ।

# ਗਿੱਦੜਬਾਹਾ 'ਚ ਨਸ਼ੇ ਨਾਲ ਨੌਜਵਾਨ ਦੀ ਮੌਤ



**ਗਿੱਦੜਬਾਹਾ।** ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਬਹੁਤ ਸਾਰੇ ਅਜਿਹੇ ਇਲਾਕੇ ਹਨ ਜਿੱਥੇ ਚਿੱਟੇ ਅਤੇ ਹੋਰ ਨਸ਼ਿਆਂ ਦੀ ਬਦੌਲਤ ਲੋਕਾਂ ਨੂੰ ਆਪਣੇ ਨੌਜਵਾਨ ਪੁੱਤਾਂ ਦੀਆਂ ਬਰਾਤਾਂ ਦੀ ਥਾਂ ਅਰਥੀਆਂ ਦੇਖਣੀਆਂ ਪੈ ਰਹੀਆਂ ਹਨ। ਬੀਤੀ ਰਾਤ ਗਿੱਦੜਬਾਹਾ 'ਚ 16 ਸਾਲ ਦਾ ਇੱਕ ਨਾਬਾਲਿਗ ਬੱਚਾ ਜੋ ਬੀਤੇ ਸਮੇਂ ਤੋਂ ਲਗਾਤਾਰ ਚਿੱਟੇ ਦੇ ਟੀਕਿਆਂ ਦੀ ਗ੍ਰਿਫਤ ਵਿੱਚ ਆ ਚੁੱਕਿਆ ਸੀ, ਦੇ ਵੱਲੋਂ ਆਪਣੇ ਘਰ ਨੇੜੇ ਹੀ ਸ਼ਰੇਆਮ ਨਸ਼ਾ ਵੇਚਣ ਵਾਲੇ ਵਪਾਰੀਆਂ ਤੋਂ ਲਿਆਂਦੇ ਚਿੱਟੇ ਨਸ਼ੇ ਦੇ ਟੀਕੇ ਨੂੰ ਘਰ ਦੇ ਬਾਥਰੂਮ 'ਚ ਵੜ ਕੇ ਟੀਕਾ ਲਗਾ ਰਿਹਾ ਸੀ ਤਾਂ ਬਾਲਗ ਬੱਚੇ ਦੀ ਬਾਥਰੂਮ ਦੇ ਅੰਦਰ ਹੀ ਮੌਤ ਹੋ ਗਈ। ਮ੍ਰਿਤਕ ਬੱਚੇ ਵੀ ਭੈਣ ਸਰਬਜੀਤ ਕੌਰ ਅਤੇ ਤਾਇਆ ਰੇਸ਼ਮ ਸਿੰਘ ਨੇ ਦੱਸਿਆ ਕਿ ਜਦੋਂ ਕੁਝ ਸਮੇਂ ਬਾਅਦ ਬਾਥਰੂਮ ਦਾ ਦਰਵਾਜ਼ਾ ਤੋੜ ਕੇ ਦੇਖਿਆ ਤਾਂ ਲੱਗੇ ਲਗਾਏ ਟੀਕੇ ਅਤੇ ਸੂਈ ਸਮੇਤ 17 ਵਰਿਆਂ ਦਾ ਨਬਾਲਿਗ ਸਦਾ ਦੀ ਨੀਂਦ ਸੌਂ ਚੁੱਕਿਆ ਸੀ। ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ, ਕਰੀਬੀ ਰਿਸ਼ਤੇਦਾਰਾਂ ਅਤੇ ਆਂਢ-ਗੁਆਂਢ ਨੇਂ ਸਿਸਟਮ ਦੀ ਕਾਰਜਸ਼ੈਲੀ 'ਤੇ ਵੱਡੇ ਦੋਸ਼ ਲਗਾਉਂਦਿਆਂ ਆਖਿਆ ਹੈ ਕਿ ਕੁਝ ਕਾਲੀਆਂ ਭੇਡਾਂ ਵੱਲੋਂ ਤਸਕਰਾਂ ਤੋਂ ਪੈਸੇ ਲੈ ਕੇ ਵਿਕਵਾਏ ਜਾਂਦੇ ਚਿੱਟੇ ਨਸ਼ੇ ਦੇ ਕਾਰਨ ਇਲਾਕੇ ਵਿੱਚ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161


# ਨੈਸ਼ਨਲ ਕਾਲਜ ਭੀਖੀ ਦਾ ਨਤੀਜਾ ਰਿਹਾ ਸ਼ਾਨਦਾਰ

**ਭੀਖੀ (ਕਮਲ ਜਿੰਦਲ)** ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਐੱਮ ਐੱਸ ਸੀ ਮੈਥ ਭਾਗ ਪਹਿਲਾਂ ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਵਿੰਦਰ ਕੌਰ ਨੇ 8.19 ਗ੍ਰੇਡ ਨਾਲ ਪਹਿਲਾ, ਲਖਵਿੰਦਰ ਕੌਰ ਨੇ 7.90 ਗ੍ਰੇਡ ਨਾਲ ਦੂਜਾ, ਸਤਵਿੰਦਰ ਸਿੰਘ ਨੇ 7.86 ਗ੍ਰੇਡ ਨਾਲ ਤੀਜਾ ਸਥਾਨ ਹਾਸਿਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਮ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ। ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ ਅਮਨਦੀਪ ਕੌਰ ,ਪ੍ਰੋ ਨਵਦੀਪ ਕੌਰ , ਪ੍ਰੋ ਕਰਮਜੀਤ ਕੌਰ, ਪ੍ਰੋ ਲਖਵਿੰਦਰ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸੀ।

ਸਮਾਜ ਵੀਕਲੀ ਨਿਊਜ਼







# ਮਨਜੀਤ ਸਿੰਘ ਹਰਮਨ ਬਣੇ 'ਆਪ' ਵਿਧਾਨ ਸਭਾ ਹਲਕਾ ਸੈਂਟਰਲ ਦੇ ਸੰਗਠਨ ਇੰਚਾਰਜ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਆਮ ਆਦਮੀ ਪਾਰਟੀ ਵੱਲੋਂ ਮਨਜੀਤ ਸਿੰਘ ਹਰਮਨ ਨੂੰ ਵਿਧਾਨ ਸਭਾ ਹਲਕਾ ਸੈਂਟਰਲ ਲੁਧਿਆਣਾ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਹਰਮਨ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ ਅਤੇ ਪਾਰਟੀ ਦੀਆਂ ਗਤੀਵਿਧੀਆਂ ਦੇ ਨਾਲ-ਨਾਲ ਨਿੱਤ ਨਵੇਂ ਪ੍ਰੋਗਰਾਮਾਂ ਨੂੰ ਹਲਕੇ ਦੇ ਲੋਕਾਂ ਤੱਕ ਪਹੁੰਚਾਉਣ ਵਿੱਚ ਯੋਗਦਾਨ ਪਾ ਰਹੇ ਹਨ । ਨਿਯੁਕਤੀ ਤੋਂ ਬਾਅਦ ਹਰਮਨ ਨੇ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ, ਅਮਨ ਅਰੋੜਾ, ਸੈਰੀ ਕਲਸੀ ਅਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜ਼ਿੰਮੇਵਾਰੀ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਹਲਕਾ ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਉੱਤੇ ਭਰੋਸਾ ਜਤਾਇਆ। ਮਨਜੀਤ ਸਿੰਘ ਹਰਮਨ ਨੇ ਕਿਹਾ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਨਿਭਾਉਣ ਵਿੱਚ ਪੂਰੀ ਨਿਸ਼ਠਾ ਅਤੇ ਮਿਹਨਤ ਨਾਲ ਜੁਟੇ ਰਹਿਣਗੇ ਅਤੇ ਪਾਰਟੀ ਨੂੰ ਹੋਰ ਵੀ ਮਜ਼ਬੂਤ ਬਣਾਉਣ ਵਾਸਤੇ ਹਲਕੇ ਦੇ ਹਰ ਵਰਗ ਨਾਲ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਜਾਰੀ ਰੱਖਣਗੇ। ਇਸ ਨਿਯੁਕਤੀ ਨੂੰ ਲੁਧਿਆਣਾ ਸੈਂਟਰਲ ਹਲਕੇ ਵਿੱਚ ਆਮ ਆਦਮੀ ਪਾਰਟੀ ਦੇ ਵਧ ਰਹੇ ਆਧਾਰ ਅਤੇ ਜ਼ਮੀਨੀ ਸਤਰ 'ਤੇ ਪਾਰਟੀ ਦੀ ਸੰਗਠਨਾਤਮਕ ਮਜ਼ਬੂਤੀ ਵਜੋਂ ਵੇਖਿਆ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ, ਰਾਜੂ ਵੋਹਰਾ, ਰਾਜੂ ਬਾਬਾ, ਹਰਵਿੰਦਰ ਜੌਲੀ, ਕੁਲਦੀਪ ਕੁੱਕੂ, ਗੁਰਮੁਖ ਸਿੰਘ ਬਾਂਸਲ ਬਲਾਕ ਪ੍ਰਧਾਨ ਨੇ ਮਨਜੀਤ ਸਿੰਘ ਹਰਮਨ ਦਾ ਸਨਮਾਨ ਕੀਤਾ।



**ਮਨਜੀਤ ਸਿੰਘ ਹਰਮਨ ਦਾ ਸਨਮਾਨ ਕਰਦੇ ਹੋਏ ਜਤਿੰਦਰ ਸਿੰਘ ਖੰਗੂੜਾ, ਰਾਜੂ ਬਾਬਾ, ਕੁਲਦੀਪ ਕੁੱਕੂ ਤੇ ਹੋਰ।**

# ਰੇਲ ਡਿੱਬਾ ਕਾਰਖਾਨਾ, ਕਪੂਰਥਲਾ ਚ ਰਾਜਭਾਸ਼ਾ ਲਾਗੂਕਰਨ ਕਮੇਟੀ ਦੀ ਮੀਟਿੰਗ

**ਕਪੂਰਥਲਾ (ਕੌੜਾ )–** ਰੇਲ ਕੋਚ ਫੈਕਟਰੀ, ਕਪੂਰਥਲਾ ਦੀ ਰਾਜਭਾਸ਼ਾ ਲਾਗੂ ਕਰਨ ਕਮੇਟੀ ਦੀ ਇੱਕ ਮੀਟਿੰਗ ਸ਼੍ਰੀ ਐਸ.ਐਸ. ਮਿਸ਼ਰ , ਜਨਰਲ ਮੈਨੇਜਰ, ਆਰ ਸੀ ਐੱਫ , ਕਪੂਰਥਲਾ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਇਸ ਵਿਚ ਆਰ ਸੀ ਐੱਫ ਦੇ ਸਾਰੇ ਪ੍ਰਮੁੱਖ ਮੁੱਖ ਵਿਭਾਗੀ ਮੁਖੀਆਂ ਅਤੇ ਵਿਭਾਗਾਂ ਦੇ ਮੁਖੀਆਂ ਨੇ ਮੀਟਿੰਗ ਵਿੱਚ ਹਿੱਸਾ ਲਿਆ। ਮੀਟਿੰਗ ਵਿੱਚ, ਸਰਕਾਰੀ ਕੰਮ ਵਿੱਚ ਰਾਜਭਾਸ਼ਾ ਹਿੰਦੀ ਦੀ ਵਰਤੋਂ ਅਤੇ ਪ੍ਰਸਾਰ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਅਤੇ ਇਸ ਸਬੰਧ ਵਿੱਚ ਆ ਰਹੀਆਂ ਮੁਸ਼ਕਲਾਂ 'ਤੇ ਚਰਚਾ ਕੀਤੀ ਗਈ ਅਤੇ ਨਾਲ ਹੀ ਜਨਰਲ ਮੈਨੇਜਰ ਦੀ ਅਗਵਾਈ ਹੇਠ ਉਨ੍ਹਾਂ ਨੂੰ ਦੂਰ ਕਰਨ ਦੇ ਹੱਲ ਵੀ ਲੱਭੇ ਗਏ। ਮੀਟਿੰਗ ਦੌਰਾਨ, ਪੱਤਰਾਂ 'ਤੇ ਹਿੰਦੀ ਵਿੱਚ ਡਿਜੀਟਲ ਦਸਤਖਤ ਸੰਬੰਧੀ ਇੱਕ ਪੇਸ਼ਕਾਰੀ ਵੀ ਦਿੱਤੀ ਗਈ। ਜਨਰਲ ਮੈਨੇਜਰ ਨੇ ਸਾਰੇ ਵਿਭਾਗ ਮੁਖੀਆਂ ਨੂੰ ਭਵਿੱਖ ਵਿੱਚ ਹਿੰਦੀ ਵਿੱਚ ਪੱਤਰਾਂ 'ਤੇ ਡਿਜੀਟਲ ਦਸਤਖਤ ਕਰਨ ਦੇ ਨਿਰਦੇਸ਼ ਦਿੱਤੇ। ਸਾਰੇ ਵਿਭਾਗ ਮੁਖੀਆਂ ਨੂੰ ਆਰ ਸੀ ਐੱਫ , ਕਪੂਰਥਲਾ ਦੇ ਰਾਜਭਾਸ਼ਾ ਮੈਗਜ਼ੀਨ "ਅਰੁਣੋਦਯ" ਲਈ ਤਕਨੀਕੀ ਲੇਖ ਅਤੇ ਹੋਰ ਲਿਖਤਾਂ ਆਦਿ ਦੇਣ ਦੀ ਵੀ ਬੇਨਤੀ ਕੀਤੀ ਗਈ। ਅੱਜ ਹੀ ਸਰਕਾਰੀ ਕੰਮ ਵਿੱਚ ਹਿੰਦੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ, ਗ੍ਰਹਿ ਮੰਤਰਾਲੇ ਦੀ ਵੀਹ ਹਜ਼ਾਰ ਸ਼ਬਦਾਂ ਦੀ ਯੋਜਨਾ ਦੇ ਤਹਿਤ 10 ਕਰਮਚਾਰੀਆਂ ਨੂੰ ਸਰਟੀਫਿਕੇਟ ਅਤੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਅਤੇ ਜਨਰਲ ਮੈਨੇਜਰ, ਆਰ ਸੀ ਐੱਫ ਦੁਆਰਾ ਸਥਾਨਕ ਤੌਰ 'ਤੇ ਲਾਗੂ ਕੀਤੀ ਗਈ ਰਾਜਭਾਸ਼ਾ ਉਤਕ੍ਰਿਸ਼ਟ ਯੋਜਨਾ ਦੇ ਤਹਿਤ ਤਿੰਨ ਕਰਮਚਾਰੀਆਂ ਨੂੰ ਸਰਟੀਫਿਕੇਟ ਅਤੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ।



ਸਮਾਜ ਵੀਕਲੀ ਨਿਊਜ਼

# ਰਵੀ ਭੂਸ਼ਨ ਗੋਇਲ ਦੀ ਮੌਤ ਤੇ ਦੁੱਖ ਦਾ ਇਜ਼ਹਾਰ ਕੀਤਾ: ਡਾ ਸੁਖਵਿੰਦਰ ਕੁਮਾਰ ਸੁੱਖੀ

**ਬੰਗਾ( ਚਰਨਜੀਤ ਸੱਲ੍ਹਾਂ )** ਪਿਛਲੇ ਦਿਨੀਂ ਸਾਡੇ ਨਗਰ ਕੌਂਸਲ ਬੰਗਾ ਦੇ ਸਾਬਕਾ ਪ੍ਰਧਾਨ ਸ਼੍ਰੀ ਰਵੀ ਭੂਸ਼ਨ ਗੋਇਲ ਜੀ ਜੋ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਹਨਾ ਦੇ ਅਕਾਲ ਚਲਾਣੇ ਦੀ ਬੜੀ ਦੁਖਦਾਈ ਖ਼ਬਰ ਮਿਲੀ। ਅੱਜ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਹੌਂਸਲਾ ਪ੍ਰਦਾਨ ਕਰਨ। ਇਸ ਮੌਕੇ ਤੇ ਡਾ ਸੁਖਵਿੰਦਰ ਕੁਮਾਰ ਸੁੱਖੀ ਕੈਬਨਿਟ ਮੰਤਰੀ ਜੀ ਨੇ ਬਹੁਤ ਦੁੱਖ ਦਾ ਇਜ਼ਹਾਰ ਕੀਤਾ ਅਤੇ ਉਨ੍ਹਾਂ ਦੇ ਨਾਲ ਸੋਹਣ ਲਾਲ ਢੰਡਾ ਆਪ ਦੇ ਆਗੂ ਅਤੇ ਜੀਤ ਰਾਮ ਐਮ ਸੀ ਹਾਜ਼ਰ ਸਨ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਿਆਸੀ ਨੇਤਾ ਦਾ ਜੀਵਨ ਸਮਾਜ ਲਈ ਮਿਸਾਲ ਹੋਣਾ ਚਾਹੀਦਾ ਹੈ- ਬਾਵਾ

## ● ਕਿਸੇ ਵੀ ਪਾਰਟੀ ਦਾ ਵਰਕਰ ਜਾਂ ਨੇਤਾ ਹੋਣਾ ਉਸ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦੇਣਾ ਹੁੰਦਾ ਹੈ
## ● ਲੋੜ ਹੈ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਰਾਜਗੁਰੂ, ਸੁਖਦੇਵ ਦੀਆਂ ਕੁਰਬਾਨੀਆਂ ਨੂੰ ਯਾਦ ਕਰੀਏ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪਿਛਲੇ 47 ਸਾਲ ਤੋਂ ਕਾਂਗਰਸ ਪਾਰਟੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਜੋ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ, ਤਿੰਨ ਵਾਰ ਸਟੇਟ ਚੇਅਰਮੈਨ ਅਤੇ ਅੱਜ ਓ.ਬੀ.ਸੀ ਵਿਭਾਗ ਕਾਂਗਰਸ ਦੇ ਏ.ਆਈ.ਸੀ.ਸੀ ਦੇ ਕੋਆਰਡੀਨੇਟਰ ਇੰਚਾਰਜ ਹਿਮਾਚਲ ਪ੍ਰਦੇਸ਼ ਹਨ, ਉਹਨਾਂ ਨੇ ਕਿਹਾ ਕਿ ਜਦੋਂ ਕਾਂਗਰਸ ਸ਼ਬਦ ਮੂੰਹ ਵਿੱਚੋਂ ਕੱਢਣਾ ਮੁਸ਼ਕਿਲ ਸੀ ਤਾਂ ਉਸ ਸਮੇਂ ਵੀ ਕਾਂਗਰਸ ਪਾਰਟੀ ਦਾ ਝੰਡਾ ਚੁੱਕ ਕੇ ਰੱਖਿਆ। ਅੱਤਵਾਦ ਸਮੇਂ ਸਰੀਰ 'ਤੇ ਗੋਲੀਆਂ ਖਾਧੀਆਂ। ਉਹਨਾਂ ਕਿਹਾ ਕਿ ਲੋੜ ਹੈ ਕਾਂਗਰਸੀ ਬਣਨ ਤੋਂ ਪਹਿਲਾਂ ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਏ, ਲਾਲ ਬਹਾਦਰ ਸ਼ਾਸਤਰੀ, ਪੰਡਿਤ ਜਵਾਹਰ ਲਾਲ



ਨਹਿਰੂ ਦਾ ਜੀਵਨ ਪੜ੍ਹੀਏ। ਉਹਨਾਂ ਕਿਹਾ ਕਿ ਸਿਆਸੀ ਨੇਤਾ ਦਾ ਜੀਵਨ ਸਮਾਜ ਲਈ ਮਿਸਾਲ ਹੋਣਾ ਚਾਹੀਦਾ ਹੈ। ਜਿਸ ਪਾਰਟੀ ਦਾ ਵਰਕਰ ਜਾਂ ਨੇਤਾ ਹੋਵੇ ਉਸਦੀ ਵਿਚਾਰਧਾਰਾ 'ਤੇ ਪਹਿਰਾ ਦੇਵੇ। ਉਹਨਾਂ ਕਿਹਾ ਕਿ ਦੇਸ਼ ਦੀ ਸਿਆਸਤ ਵਿੱਚ ਆਇਆ ਨਿਘਾਰ ਸਭ ਹੱਦਾਂ ਬੰਨੇ ਟੱਪ ਗਿਆ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਜਿਸ ਨੂੰ ਇੱਕ ਵਾਰ ਟਿਕਟ ਮਿਲ ਜਾਏ ਉਹ ਆਪਣੀ ਜਗੀਰ ਸਮਝਦਾ ਹੈ। ਵਰਕਰਾਂ ਨੂੰ ਤਾਂ ਕਵਰਿੰਗ ਕੈਂਡੀਡੇਟ ਵੀ ਨਹੀਂ ਬਣਾਇਆ ਜਾਂਦਾ। ਉਹ ਵੀ ਪਤਨੀ ਜਾਂ ਪੁੱਤਰ ਬਣਦਾ ਹੈ ਕਿਉਂਕਿ ਜੇ ਟਿਕਟ ਕਿਸੇ ਤਰ੍ਹਾਂ ਵਰਕਰ ਨੂੰ ਚਲੀ ਗਈ ਤਾਂ ਬਹੁਤ ਵੱਡਾ ਅਨਰਥ ਹੋ ਜਾਵੇਗਾ।ਬਾਵਾ ਨੇ ਕਿਹਾ ਕਿ ਲੋੜ ਹੈ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹਾਦਤਾਂ ਨੂੰ ਯਾਦ ਕਰੀਏ। ਉਹਨਾਂ ਨੇ ਸ਼ਹਾਦਤ ਨਸ਼ੇ ਜਾਂ ਨੋਟਾਂ ਬਦਲੇ ਵੋਟਾਂ ਖਰੀਦਣ ਲਈ ਨਹੀਂ ਦਿੱਤੀ। ਉਹਨਾਂ ਨੇ ਭਾਰਤ ਦਾ ਸੁਨਹਿਰੀ ਭਵਿੱਖ ਬਣਾਉਣ ਲਈ ਫਾਂਸੀ ਦਾ ਰੱਸਾ ਚੁੰਮਿਆ। ਅਸੀਂ ਦਫਤਰ 'ਚ ਫੋਟੋ ਲਗਾ ਲੈਂਦੇ ਹਾਂ ਪਰ ਉਹਨਾਂ ਦੀ ਸੋਚ, ਸਚਾਈ, ਸ਼ਹਾਦਤ ਸਾਡੀ ਸੋਚ ਵਿੱਚ ਨਹੀਂ। ਲੋੜ ਹੈ ਵੋਟਰ ਜਾਗਰੂਕ ਹੋਣ। ਉਹਨਾਂ ਕਿਹਾ ਕਿ ਡਾ: ਮਨਮੋਹਨ ਸਿੰਘ ਅਤੇ ਸੰਤ ਸਿੰਘ ਸੇਖੋਂ ਨੂੰ ਹਰਾਉਣ ਵਾਲੇ, ਫੂਲਨ ਦੇਵੀ ਡਾਕੂ ਨੂੰ ਜਿਤਾਉਣ ਵਾਲੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਚੋਣ ਕਮਿਸ਼ਨ ਕਿਸੇ ਨੂੰ ਵੀ ਤਿੰਨ ਵਾਰ ਤੋਂ ਵੱਧ ਚੋਣ ਲੜਨ ਦੀ ਇਜਾਜ਼ਤ ਨਾ ਦੇਵੇ।

# ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਆਪਣੇ ਜੱਥੇਬੰਧਕ ਢਾਂਚੇ ਦਾ ਕੀਤਾ ਵਿਸਥਾਰ

## ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇ ਨਿਮਾਣਾ ਨੇ ਨਵ ਨਿਯੁਕਤ ਅਹੁਦੇਦਾਰਾਂ ਨੂੰ ਕੀਤਾ ਸਨਮਾਨਿਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦਾ ਮੁੱਖ ਉਦੇਸ਼ ਭਾਰਤ ਦੇ ਸਮੂਹ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਸਰਮਾਏਦਾਰਾਂ ਵੱਲੋਂ ਕਿਸਾਨਾਂ ਦੀ ਕੀਤੀ ਜਾ ਰਹੀ ਲੁੱਟ ਖਸੁੱਟ ਨੂੰ ਰੁਕਵਾ ਕੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਹੈ । ਇਸੇ ਮਿਸ਼ਨ ਦੀ ਪ੍ਰਾਪਤੀ ਲਈ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਆਪਣੇ ਜੱਥੇਬੰਧਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਉੱਦਮੀ ਵੀਰਾਂ ਨੂੰ ਅੱਗੇ ਲਿਆਉਣ ਲਈ ਵਿਸ਼ੇਸ਼ ਮੁਹਿੰਮ ਸਮੁੱਚੇ ਪੰਜਾਬ ਅੰਦਰ ਆਰੰਭ ਕੀਤੀ ਗਈ ਹੈ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਭਾਈ ਤਰਨਜੀਤ ਸਿੰਘ ਨਿਮਾਣਾ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੀ ਦਿਹਾਤੀ ਇਕਾਈ ਦੇ ਪ੍ਰਧਾਨ ਸ੍ਰ: ਪ੍ਰਭਦੀਪ ਸਿੰਘ ਸੇਖੋਂ ਦੀ ਅਗਵਾਈ ਹੇਠ ਕੋਹਾੜਾ ਵਿਖੇ ਹੋਈ ਯੂਨੀਅਨ ਦੇ ਮੈਂਬਰਾਂ ਦੀ ਇਕੱਤਰਤਾ ਦੌਰਾਨ ਕੀਤਾ । ਇਸ ਮੌਕੇ ਪ੍ਰਭਦੀਪ ਸਿੰਘ ਸੇਖੋਂ ਪ੍ਰਧਾਨ ਦਿਹਾਤੀ ਜ਼ਿਲ੍ਹਾ ਲੁਧਿਆਣਾ ਨੇ ਇਕੱਤਰਤਾ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਯੂਨੀਅਨ ਦੇ ਕੌਮੀ ਪ੍ਰਧਾਨ ਦਾ ਨਿੱਘਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਅਗਵਾਈ ਹੇਠ ਯੂਨੀਅਨ ਦੇ ਸਮੂਹ ਮੈਂਬਰ ਹਰ ਸ਼ੰਘਰਸ਼ ਵਿੱਚ ਆਪਣਾ ਮੋਹਰੀ ਰੋਲ ਨਿਭਾਉਣਗੇ । ਇਸ ਦੌਰਾਨ ਉਨ੍ਹਾਂ ਨੇ ਯੂਨੀਅਨ ਦੇ ਕੌਮੀ ਪ੍ਰਧਾਨ ਭਾਈ ਤਰਨਜੀਤ ਸਿੰਘ ਨਿਮਾਣਾ ਅਤੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਮੱਖੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੂਨੀਅਨ ਦਾ ਵਿਸਥਾਰ ਕਰਦਿਆਂ ਹੋਇਆਂ ਜਸਪਾਲ ਸਿੰਘ ਗਰਚਾ ਸੀਨੀਅਰ ਮੀਤ ਪ੍ਰਧਾਨ ਦਿਹਾਤੀ, ਜਗਤਾਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ ਦਿਹਾਤੀ, ਰਜਿੰਦਰ ਸਿੰਘ ਮੁੰਡੀ ਜਰਨਲ ਸਕੱਤਰ ਦਿਹਾਤੀ, ਹਰਮੀਤ ਸਿੰਘ ਗਿੱਲ ਮੀਤ ਪ੍ਰਧਾਨ ਦਿਹਾਤੀ,



ਗੁਰਜੀਤ ਸਿੰਘ ਗੁਰਮ ਬੁਲਾਰਾ ਦਿਹਾਤੀ, ਬਲਵਿੰਦਰ ਸਿੰਘ ਗਿੱਲ ਮੁੱਖ ਸਲਾਹਕਾਰ ਦਿਹਾਤੀ, ਨਵਦੀਪ ਸਿੰਘ ਮੋਦਗਿਲ ਸੋਸ਼ਲ ਮੀਡੀਆ ਇੰਚਾਰਜ ਦਿਹਾਤੀ, ਮਿੰਕੂ ਤੇਰੀਆਂ ਸਲਾਹਕਾਰ ਦਿਹਾਤੀ, ਗਗਨਦੀਪ ਸਿੰਘ, ਸੁਖਪ੍ਰੀਤ ਸਿੰਘ, ਰਣਵੀਰ ਸਿੰਘ, ਗੁਰਜੀਤ ਸਿੰਘ ਸਮੇਤ ਸਾਰਿਆਂ ਨੂੰ ਦਿਹਾਤੀ ਵਰਕਿੰਗ ਕਮੇਟੀ ਮੈਂਬਰ ਥਾਪਣ ਦਾ ਐਲਾਨ ਕੀਤਾ । ਇਕੱਤਰਤਾ ਦੌਰਾਨ ਯੂਨੀਅਨ ਦੇ ਕੌਮੀ ਪ੍ਰਧਾਨ ਭਾਈ ਤਰਨਜੀਤ ਸਿੰਘ ਨਿਮਾਣਾ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਆਪਣਾ ਸਤਿਕਾਰ ਅਰਪਿਤ ਕਰਦਿਆਂ ਹੋਇਆਂ ਯੂਨੀਅਨ ਦਾ ਸਿਰੋਪਾਓ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਪੰਚ ਮਨਜੀਤ ਸਿੰਘ ਤੂਰ (ਬਾਜੜਾ) ਮੈਂਬਰ ਕੋਰ ਕਮੇਟੀ, ਭਾਈ ਮਨਜੀਤ ਸਿੰਘ ਬੁਟਾਹਰੀ ਮੈਂਬਰ ਕੋਰ ਕਮੇਟੀ, ਭੁਪਿੰਦਰ ਸਿੰਘ ਪ੍ਰਧਾਨ ਸ਼ਹਿਰੀ ਲੁਧਿਆਣਾ, ਅਮਰਜੀਤ ਭੱਟੀ ਕੌਮੀ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਸੰਧੂ ਕੌਮੀ ਮੀਤ ਪ੍ਰਧਾਨ, ਸ਼ਮਸ਼ੇਰ ਸਿੰਘ ਲਾਡੋਵਾਲ ਕੌਮੀ ਪ੍ਰਚਾਰ ਸਕੱਤਰ, ਮਲਵਿੰਦਰ ਸਿੰਘ ਕੌਮੀ ਪ੍ਰਚਾਰ ਸਕੱਤਰ ਹਾਜ਼ਰ ਸਨ ।

# ਰੁਜ਼ਗਾਰ ਦੀ ਗਾਰੰਟੀ ਦਾ ਕਾਨੂੰਨ ਬਣਨ ਨਾਲ ਹੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕਦੈ:- ਚਮੇਲੀ, ਡੱਗੋ ਰੋਮਾਣਾ

**ਫ਼ਰੀਦਕੋਟ (ਸਮਾਜ ਵੀਕਲੀ)** ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਅੱਜ ਇਥੇ ਡਿਪਟੀ ਕਮਿਸ਼ਨਰ ਦਫਤਰ ਅੱਗੇ 90 ਘੰਟੇ ਕੰਮ ਹਫਤੇ ਦੀ ਤਜਵੀਜ ਖਿਲਾਫ ਅਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਅਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਦੀ ਪ੍ਰਾਪਤੀ ਲਈ ਇੱਥੇ ਬਨੇਗਾ ਵਲੰਟੀਅਰਜ਼ ਵੱਲੋਂ "ਬਨੇਗਾ ਐਕਸ਼ਨ ਡੇ" ਤੇ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਚਮੇਲੀ ਅਤੇ ਜ਼ਿਲ੍ਹਾ ਸਕੱਤਰ ਕੁਲਵਿੰਦਰ ਡੱਗੋ ਰੋਮਾਣਾ ਨੇ ਕੀਤੀ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਾਥੀ ਚਰਨਜੀਤ ਚਮੇਲੀ ਅਤੇ ਕੁਲਵਿੰਦਰ ਡੱਗੋ ਰੋਮਾਣਾ ਨੇ ਕਿਹਾ ਕਿ ਮੌਜੂਦਾ ਕੇਂਦਰ ਦੀ ਸਰਕਾਰ ਅਤੇ ਦੇਸ਼ ਦੇ ਪੂੰਜੀਪਤੀਆਂ ਵੱਲੋਂ 12 ਘੰਟੇ ਕਾਨੂੰਨੀ ਕੰਮ ਦਿਹਾੜੀ ਅਤੇ 90 ਘੰਟੇ ਦਾ ਹਫਤਾ ਨੀਤੀਆਂ ਲਾਗੂ ਕਰਨ ਦੀਆਂ ਤਜਵੀਜ਼ਾ ਲਿਆ ਕੇ ਦੇਸ਼ ਦੀ ਜਵਾਨੀ ਨੂੰ ਘੋਰ ਨਿਰਾਸ਼ਾ ਅਤੇ ਨਸ਼ਿਆਂ ਵਰਗੀਆਂ




ਅਲਾਮਤਾਂ ਵੱਲ ਧੱਕਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਸ ਤਜਵੀਜ ਦੇ ਲਾਗੂ ਹੋਣ ਨਾਲ ਕੰਮ ਤੇ ਲੱਗੇ ਕਾਮਿਆਂ ਦਾ ਕੰਮ ਬੋਝ ਖਤਰਨਾਕ ਹੱਦ ਤੱਕ ਵੱਧ ਜਾਵੇਗਾ ਅਤੇ ਦੂਜੇ ਪਾਸੇ ਐਤਵਾਰ ਦੀ ਛੁੱਟੀ ਵੀ ਖ਼ਤਮ ਹੋ ਜਾਵੇਗੀ,ਜੋ ਕਿ ਦੇਸ਼ ਅਤੇ ਕਿਰਤੀਆਂ ਵਿਰੋਧੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਆਗੂਆਂ ਨੇ ਅੱਗੇ ਸੰਬੋਧਨ ਕਰਦਿਆਂ ਕਿਹਾ ਪੰਜਾਬ ਸੂਬੇ ਅੰਦਰ ਲਗਾਤਾਰ ਵੱਧ ਰਹੇ ਨਸ਼ਿਆਂ ਨੂੰ ਰੋਕਣ ਲਈ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੀਤਾ ਜਾ ਰਿਹਾ ਹੈ, ਪ੍ਰੰਤੂ ਉਸ ਦਿਨ ਨਤੀਜੇ ਫਲਦਾਇਕ ਮਿਲਣੇ ਸਾਬਤ ਨਹੀਂ ਹੋ ਰਹੇ। ਆਗੂਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਸੂਬੇ ਅੰਦਰੋਂ ਮੁਕੰਮਲ ਤੌਰ ਤੇ ਨਸ਼ਿਆਂ ਦੀ ਜੜ੍ਹ ਨੂੰ ਪੁੱਟਣਾ ਹੈ ਤਾਂ ਸਭ ਲਈ ਰੁਜ਼ਗਾਰ ਦੀ ਗਾਰੰਟੀ ਕਰਨੀ ਹੋਵੇਗੀ, ਜਿਸ ਨਾਲ ਨੌਜਵਾਨ ਗਲਤ ਅਲਾਮਤਾਂ ਵਾਲੇ ਪਾਸੇ ਜਾਣ ਤੋਂ ਖੁਦ ਬਾ ਖੁਦ ਰੁਕ ਜਾਵੇਗਾ। ਰੁਜ਼ਗਾਰ ਦੀ ਗਰੰਟੀ ਕਰਨ ਨਾਲ ਹੀ ਦੇਸ਼ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਮੁਕੰਮਲ ਤੌਰ ਤੇ ਕੱਢਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਹਰ ਇੱਕ ਲਈ ਰੁਜ਼ਗਾਰ ਦੀ ਗਾਰੰਟੀ ਕਰਦੇ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਨੂੰ ਪਾਰਲੀਮੈਂਟ ਵਿਚੋਂ ਪਾਸ ਕਰਵਾਉਣ ਅਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਜੋ ਜਿੱਤ ਪ੍ਰਾਪਤੀ ਤੱਕ ਜਾਰੀ ਰਹੇਗਾ।

# ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਗਾਇਕਾ ਰਾਣੀ ਅਰਮਾਨ ਦੀ ਬੇਟੀ ਦਾ ਸਨਮਾਨ ਕੀਤਾ ਗਿਆ

**ਬੰਗਾ ( ਚਰਨਜੀਤ ਸੱਲ੍ਹਾਂ )** ਅੱਜ ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਵਲੋਂ ਨਾਭੀ ਅਮ੍ਰਿਤ ਦਫਤਰ ਬੰਗਾ ਵਿਖੇ ਗਾਇਕਾ ਰਾਣੀ ਅਰਮਾਨ ਜੀ ਦੀ ਬੇਟੀ ਖੁਸ਼ੀ ਅਰਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਖੁਸ਼ੀ ਅਰਮਾਨ ਬੇਟੀ ਨੇ ਦਸਵੀਂ ਕਲਾਸ ਵਿੱਚੋ ਬਹੁਤ ਹੀ ਵਧੀਆ ਨੰਬਰਾਂ ਨਾਲ ਪੂਰੇ





ਪੰਜਾਬ ਦੀ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਾਇਆ ਹੈ। ਇਸ ਮੌਕੇ ਬਸਪਾ ਆਗੂ ਸ੍ਰੀ ਪਰਵੀਨ ਬੰਗਾ ਜੀ ਅਤੇ ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਵੱਲੋਂ ਬੇਟੀ ਖੁਸ਼ੀ ਅਰਮਾਨ ਨੂੰ ਮੁਬਾਰਕਾਂ ਭੇਂਟ ਕੀਤੀਆਂ ਗਈਆਂ ॥ ਇਹ ਸੰਸਥਾ ਦੋਆਬੇ ਦੇ ਮਿਸ਼ਨਰੀ ਕਲਾਕਾਰ ਦੀ ਸੰਸਥਾ ਬਣਾਈ ਹੋਈ ਹੈ।

# ਮੈਡਮ ਹਰਜੋਤ ਕੌਰ ਲੋਹਟੀਆ ਬਣੇ ਹਲਕਾ ਸੰਗਠਨ ਇੰਚਾਰਜ ਬੰਗਾ, ਵਰਕਰਾਂ 'ਚ ਖੁਸ਼ੀ ਦੀ ਲਹਿਰ

**ਬੰਗਾ (ਚਰਨਜੀਤ ਸੱਲ੍ਹਾਂ):** ਹਲਕਾ ਬੰਗਾ ਤੋਂ ਆਪ ਦੇ ਸੀਨੀਅਰ ਆਗੂ ਮੈਡਮ ਹਰਜੋਤ ਕੌਰ ਲੋਹਟੀਆ ਨੂੰ ਅੱਜ ਪਾਰਟੀ ਹਾਈ ਕਮਾਂਡ ਵੱਲੋਂ ਬੰਗਾ ਹਲਕੇ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਹੈ ਜਿਸ ਨਾਲ ਸਮੂਹ ਆਮ ਆਦਮੀ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਡਮ ਹਰਜੋਤ ਕੌਰ ਲੋਹਟੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਸ ਭਗਵਾਨ ਸਿੰਘ ਮਾਨ ਵਲੋਂ ਮੈਨੂੰ ਜੋ ਜਿੰਮੇਵਾਰੀ ਸੌਂਪੀ ਹੈ ਉਸ ਨੂੰ ਮੈਂ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗੀ ਅਤੇ ਆਮ ਆਦਮੀ ਪਾਰਟੀ ਦੀ ਹੋਰ ਮਜਬੂਤੀ ਨਾਲ ਬੁਲੰਦੀਆਂ ਵੱਲ ਲਿਜਾਣ ਦੀ ਕੋਸ਼ਿਸ਼ ਕਰਾਂਗੀ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਮੈਡਮ ਹਰਜੋਤ ਕੌਰ ਲੋਹਟੀਆ ਜਮੀਨ ਨਾਲ ਜੁੜੇ ਹੋਏ ਲੀਡਰ ਹਨ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ



ਦਿਨ ਰਾਤ ਇੱਕ ਕਰਕੇ ਪਾਰਟੀ ਨੂੰ ਮਜਬੂਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ। ਉਹ ਪਾਰਟੀ ਦੇ ਵਰਕਰਾਂ ਨਾਲ ਹਰ ਸੁੱਖ ਅਤੇ ਦੁੱਖ ਵਿਚ ਸਦਾ ਸ਼ਰੀਕ ਰਹਿੰਦੇ ਹਨ। ਪਾਰਟੀ ਵਲੋਂ ਪਹਿਲਾਂ ਵੀ ਉਨ੍ਹਾਂ ਨੂੰ ਪ੍ਰਦੇਸ਼ ਜਨਰਲ ਸਕੱਤਰ ਮਹਿਲਾ ਵਿੰਗ ਦੀ ਜੋ ਜਿੰਮੇਵਾਰੀ ਸੌਂਪੀ ਗਈ ਸੀ ਉਸ ਨੂੰ ਵੀ ਉਨ੍ਹਾਂ ਵਲੋਂ ਤਨਦੇਹੀ ਨਾਲ ਨਿਭਾਇਆ ਗਿਆ ਹੈ। ਇਸੇ ਮਿਹਨਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਇਹ ਵੱਡੀ ਜਿੰਮੇਵਾਰੀ ਸੌਂਪੀ ਗਈ ਹੈ। ਅੱਜ ਹਲਕਾ ਸੰਗਠਨ ਇੰਚਾਰਜ ਬੰਗਾ ਨਿਯੁਕਤ ਹੋਣ ਤੇ ਮੈਡਮ ਹਰਜੋਤ ਕੌਰ ਲੋਹਟੀਆ ਨੂੰ ਉਹਨਾਂ ਦੇ ਚਹੇਤਿਆਂ ਵੱਲੋਂ ਵਧਾਈ ਦੇਣ ਦਾ ਤਾਂਤਾ ਲੱਗਿਆ ਹੋਇਆ ਹੈ।

# ਪੰਜਾਬ ਨੂੰ ਆਦਿਵਾਸੀ ਖੇਤਰ ਬਣਾ ਧਰਨ ਤੋਂ ਰੋਕਣ ਦਾ ਹੋਕਾ ਦੇਵੇਗੀ 28 ਜੂਨ ਨੂੰ ਹੋ ਰਹੀ ਕਨਵੈਨਸ਼ਨ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਪੰਜਾਬ ਦੀਆਂ ਜਨਤਕ ਜਮਹੂਰੀ, ਲੋਕ ਪੱਖੀ ਸੰਸਥਾਵਾਂ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਪਿੰਡਾਂ ਅੰਦਰ ਦੇਸ਼ ਭਗਤ ਸੰਗਰਾਮੀਆਂ ਦੇ ਸਮਾਗਮ ਕਰਦੀਆਂ ਯਾਦਗਾਰ ਕਮੇਟੀਆਂ ਨੂੰ ਚਿੱਠੀਆਂ ਰਾਹੀਂ ਅਤੇ ਜਨਤਕ ਅਪੀਲ ਕੀਤੀ ਉਸਦਾ ਸਮੂਹ ਕਮੇਟੀਆਂ ਨੇ ਉਤਸ਼ਾਹਜਨਕ ਹੁੰਗਾਰਾ ਭਰਿਆ ਹੈ।



ਲੋਕ ਮਸਲਿਆਂ, ਜਮਹੂਰੀ ਮੁੱਦਿਆਂ ਅਤੇ ਆਦਿਵਾਸੀਆਂ ਉਪਰ ਹੋ ਰਹੇ ਬੇਤਹਾਸ਼ਾ ਜ਼ੁਲਮ, ਉਜਾੜੇ, ਕਤਲੋਗਾਰਦ ਅਤੇ ਗ੍ਰਹਿ ਮੰਤਰੀ ਦੇ ਤਾਰੀਖ਼ ਮਿਥਕੇ ਕਮਿਊਨਿਸਟ ਇਨਕਲਾਬੀਆਂ ਦਾ ਤੁਖ਼ਮ ਮਿਟਾ ਦੇਣ ਦੇ ਐਲਾਨਾ ਖ਼ਿਲਾਫ਼ ਆਵਾਜ਼ ਬੁਲੰਦ ਕਰਦੀਆਂ ਆ ਰਹੀਆਂ ਸਮੂਹ ਸੰਸਥਾਵਾਂ ਵੀ 28 ਦੀ ਕਨਵੈਨਸ਼ਨ ਵਿੱਚ ਸ਼ਮੂਲੀਅਤ ਕਰਨ ਨੂੰ ਆਪਣੇ ਰੁਝੇਵਿਆਂ ਵਿੱਚ ਤਰਜੀਹੀ ਕਾਰਜ ਦਾ ਸਥਾਨ ਦੇ ਰਹੀਆਂ ਹਨ।

ਉਹਨਾਂ ਦੇ ਲਗਾਤਾਰ ਦਫ਼ਤਰ ਸੁਨੇਹੇ ਆ ਰਹੇ ਹਨ ਕਿ ਉਹ ਆਪਣੇ ਨਗਰ ਦੀ ਮਿੱਟੀ ਦੀ ਖ਼ੁਸ਼ਬੋ ਅਤੇ ਪੈੜਾਂ ਨੂੰ ਸਿਜਦੇ ਕਰਕੇ ਕਨਵੈਨਸ਼ਨ ਵਿੱਚ ਹੁਮ ਹੁਮਾ ਕੇ ਸ਼ਾਮਲ ਹੋਣ ਲਈ ਆ ਰਹੇ ਹਨ।

ਕਮੇਟੀਆਂ ਦੇ ਪ੍ਰਤੀਨਿਧਾਂ ਨੇ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਕਿ ਲੋਕਾਂ ਦੇ ਸੀਨਿਆਂ ਵਿਚ 70ਵੇਂ ਅਤੇ 80ਵੇਂ ਦੌਰ ਦੇ ਝੂਠੇ ਪੁਲਿਸ ਮੁਕਾਬਲਿਆਂ ਦੇ ਜ਼ਖ਼ਮ ਵੀ ਅਜੇ ਰਿਸ ਰਹੇ ਹਨ ਅੱਜ ਫੇਰ ਪੰਜਾਬ ਨੂੰ ਪੁਲਸ ਰਾਜ ਵੱਲ ਤੇਜ਼ੀ ਨਾਲ ਧੱਕਿਆ ਜਾ ਰਿਹਾ ਹੈ ਇਸ ਲਈ ਲੋਕਾਂ ਅੰਦਰ ਗਹਿਰਾ ਸਰੋਕਾਰ ਹੈ ਕਿ ਜੇਕਰ ਭਾਜਪਾ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਅੱਗੇ ਕੰਧ ਬਣ ਕੇ ਨਾ ਖੜ੍ਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਮਜ਼ਦੂਰ, ਕਿਸਾਨ, ਮੁਲ-ਜ਼ਮ, ਤਰਕਸ਼ੀਲ, ਜਮਹੂਰੀ ਲਹਿਰ ਦੇ ਗਲ ਗੂਠਾ ਦਿੱਤਾ ਜਾਏਗਾ ਅਤੇ ਪੰਜਾਬ ਦੀ ਫ਼ਿਜ਼ਾ ਅੰਦਰ ਮੁੜ ਕਾਲੇ ਇਤਿਹਾਸ ਦੀ ਹਨੇਰੀ ਵਗਾਈ ਜਾਏਗੀ ਇਸ ਲਈ ਸਮੂਹ ਸੰਸਥਾਵਾਂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਇਸ ਦਲੇਰਾਨਾ ਅਤੇ ਗਹਿਰ ਗੰਭੀਰ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ ਹੈ। ਕਮੇਟੀ ਨੂੰ ਮਾਣ ਹੈ ਕਿ 28 ਜੂਨ ਨੂੰ ਸਵੇਰੇ 11 ਵਜੇ ਲੋਕ ਦੇਸ਼ ਭਗਤ ਯਾਦਗਾਰ ਹਾਲ ਸਿਰ ਜੋੜਕੇ ਆਪਣੀ ਇੱਕਮੁੱਠਤਾ ਦਾ ਪ੍ਰਮਾਣ ਦੇਣਗੇ। ਇਸ ਕਨਵੈਨਸ਼ਨ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ, ਦਰਸ਼ਨ ਖਟਕੜ ਅਤੇ ਮੰਗਤ ਰਾਮ ਪਾਸਲਾ ਸੰਬੋਧਨ ਕਰਨਗੇ।ਤਿੰਨਾਂ ਬੁਲਾਰਿਆਂ ਉਪਰੰਤ ਬਹੁਤ ਹੀ ਜ਼ਾਬਤਾ ਬੱਧ ਸੰਕੇਤਕ ਮਾਰਚ ਕੀਤਾ ਜਾਵੇਗਾ। ਇਸ ਉਪਰੰਤ ਸਭ ਲਈ ਖਾਣੇ ਦਾ ਪ੍ਰਬੰਧ ਹੋਏਗਾ।

# ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੀਪ ਸਿੰਘ ਸੈਣੀ ਦੀ ਤਾਜਪੋਸ਼ੀ ਭਲਕੇ

## ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਕਰਨਗੇ ਵਿਸ਼ੇਸ਼ ਤੌਰ ਤੇ ਸ਼ਿਰਕਤ

**ਗੜ੍ਹਸ਼ੰਕਰ (ਬਲਵੀਰ ਚੌਪੜਾ)–** ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੀਪ ਸਿੰਘ ਸੈਣੀ ਦਾ ਤਾਜਪੋਸ਼ੀ ਸਮਾਗਮ 28 ਜੂਨ ਦਿਨ ਸ਼ਨੀਵਾਰ ਨੂੰ ਮਾਰਕੀਟ ਕਮੇਟੀ ਦੇ ਦਫਤਰ ਦਾਣਾ ਮੰਡੀ ਗੜ੍ਹਸ਼ੰਕਰ ਵਿਖੇ ਰੱਖਿਆ ਗਿਆ ਙ ਇਸ ਸਬੰਧੀ ਜਾਣਕਾਰੀ ਦਿੰਦਿਆਂ ਹਲਕਾ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਦੱਸਿਆ ਕਿ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੀਪ ਸਿੰਘ ਸੈਣੀ ਦਾ ਤਾਜਪੋਸ਼ੀ ਸਮਾਗਮ 28 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਮਾਰਕੀਟ ਕਮੇਟੀ ਦਫਤਰ ਗੜ੍ਹਸ਼ੰਕਰ ਵਿਖੇ ਰੱਖਿਆ ਗਿਆ



ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ। ਉਨ੍ਹਾਂ ਇਸ ਮੌਕੇ ਆਮ ਆਦਮੀ ਪਾਰਟੀ ਦੇ ਸਮੂਹ ਆਗੂਆਂ ਤੇ ਵਰਕਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

for more news visit:
www.samajweekly.com

# ਸਰਕਾਰੀ ਸਕੂਲ ਬੋਹਨ ਦੇ ਵਿਦਿਆਰਥੀਆਂ ਦਾ ਵਰਚੁਅਲ ਸਮਰ ਕੈਂਪ ਸਮਾਪਤ

## ਵਿਦਿਆਰਥੀਆਂ ਨੇ ਔਨਲਾਈਨ ਗਤੀਵਿਧੀਆਂ ਦੀਆਂ ਫੋਟੋਆਂ ਅਤੇ ਵੀਡੀਓ ਅਪਲੋਡ ਕੀਤੇ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਅੰਗਰੇਜ਼ੀ ਲੈਕਚਰਾਰ ਮੁਨੀਸ਼ ਮੌਦਗਿਲ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਨ ਦੇ ਵਿਦਿਆਰਥੀਆਂ ਲਈ ਇੱਕ ਵਰਚੁਅਲ (ਆਨਲਾਈਨ) 10-ਦਿਨਾਂ ਸਮਰ ਕੈਂਪ ਦਾ ਆਯੋਜਨ ਕੀਤਾ। ਪ੍ਰਿੰਸੀਪਲ ਮਲਕੀਤ ਕੌਰ ਦੀ ਨਿਗਰਾਨੀ ਹੇਠ ਆਯੋਜਿਤ ਇਸ ਕੈਂਪ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਲਗਭਗ 90 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਕੈਂਪ ਦੌਰਾਨ ਵਿਦਿਆਰਥੀਆਂ ਨੇ ਸਮੁੱਚੇ ਵਿਕਾਸ ਨਾਲ ਸਬੰਧਤ 10 ਵੱਖ-ਵੱਖ ਰਚਨਾਤਮਕ ਗਤੀਵਿਧੀਆਂ ਵਿੱਚ ਹਿੱਸਾ ਲਿਆ।

ਲੈਕਚਰਾਰ ਮੁਨੀਸ਼ ਮੌਦਗਿਲ ਨੇ ਦੱਸਿਆ ਕਿ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਕੈਂਪ ਦੌਰਾਨ ਚਾਰਟ ਮੇਕਿੰਗ, ਮਹਿੰਦੀ ਲਗਾਉਣਾ, ਯੋਗਾ, ਖਾਣਾ ਪਕਾਉਣਾ, ਸਲਾਦ ਸਜਾਵਟ, ਬੈਸਟ ਆਊਟ ਆਫ਼ ਵੈਸਟ, ਅੰਗਰੇਜ਼ੀ ਬੋਲਣਾ,



ਕੁਇਜ਼ ਆਦਿ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਸਾਰੇ ਵਿਦਿਆਰਥੀਆਂ ਨੇ ਇਸ ਕੈਂਪ ਵਿੱਚ ਹਿੱਸਾ ਲਿਆ ਅਤੇ ਕੈਂਪ ਦੇ ਔਨਲਾਈਨ ਗੂਗਲ ਕਲਾਸਰੂਮ 'ਤੇ ਆਪਣੀਆਂ ਗਤੀਵਿਧੀਆਂ ਦੀਆਂ ਫੋਟੋਆਂ ਅਤੇ ਵੀਡੀਓ ਅਪਲੋਡ ਕੀਤੇ। ਮੁਨੀਸ਼ ਮੌਦਗਿਲ ਨੇ ਕਿਹਾ ਕਿ ਇਹਨਾਂ ਔਨਲਾਈਨ ਗਤੀਵਿਧੀਆਂ ਦਾ ਔਨਲਾਈਨ ਮੁਲਾਂਕਣ ਕੀਤਾ ਗਿਆ। ਗੁਰਲੀਨ ਕੌਰ ਤੂਰਾ, ਕ੍ਰਿਸ਼ਨਾ ਅਤੇ ਪੁਸ਼ਕਰ ਨੇ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਨਿਕਿਤਾ ਕੌਰ, ਦੀਆ ਬੈਂਸ, ਪ੍ਰੀਤ ਇੰਦਰ ਕੌਰ ਅਤੇ ਲਵਪ੍ਰੀਤ ਲੋਈ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ। ਇਸੇ ਤਰ੍ਹਾਂ 12ਵੀਂ ਜਮਾਤ ਦੀ ਜੈਸਮੀਨ ਭਾਟੀਆ ਅਤੇ ਰੋਸ਼ਨੀ ਨੇ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਮੋਹਿਤ ਅਤੇ ਪ੍ਰਭਜੋਤ ਸਿੰਘ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਛੁੱਟੀਆਂ ਦੌਰਾਨ ਸਕੂਲ ਵਿੱਚ ਆਯੋਜਿਤ ਇੱਕ ਸਾਦੇ ਸਮਾਰੋਹ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੈਕਚਰਾਰ ਪ੍ਰਭਜੋਤ ਸਿੰਘ, ਪੰਜਾਬੀ ਅਧਿਆਪਕ ਹਰਮੇਸ਼ ਕੁਮਾਰੀ, ਅੰਗਰੇਜ਼ੀ ਅਧਿਆਪਕ ਅਮਨਪ੍ਰੀਤ ਕੌਰ, ਕੰਪਿਊਟਰ ਫੈਕਲਟੀ ਸੀਮਾ, ਲਾਇਬ੍ਰੇਰੀਅਨ ਜਸਵਿੰਦਰ ਸਿੰਘ, ਸੋਨੀ ਅਤੇ ਬਲਬੀਰ ਕੁਮਾਰ ਵੀ ਮੌਜੂਦ ਸਨ।

# ਨਾਵਲ "ਪਹਿਲਾ ਅਧਿਆਪਕ" ਤੇ ਕਰਵਾਈ ਗਈ ਵਿਚਾਰ ਚਰਚਾ






**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਅਦਾਰਾ ਪਾਠਕ ਸੱਥ ਨਵਾਂਸ਼ਹਿਰ ਵਲੋਂ ਬਾਰਾਂਦਰੀ ਬਾਗ਼ ਵਿਚ ਚੰਗੇਜ਼ ਆਇਤਮਤੋਵ ਦੇ ਨਾਵਲ 'ਪਹਿਲਾ ਅਧਿਆਪਕ" ਤੇ ਵਿਚਾਰ ਚਰਚਾ ਕਰਵਾਈ ਗਈ । ਵਿਚਾਰ ਚਰਚਾ ਦਾ ਆਗਾਜ਼ ਜਸਵੀਰ ਮੋਰੋਂ ਜੀ ਵਲੋਂ ਕਰਦਿਆਂ ਨਾਵਲ ਦੇ ਪਾਤਰ ਦੂਈਸ਼ੇਨ ਨੂੰ ਉਸਦੇ ਮਿਸ਼ਨ ਵਿੱਚ ਆਈਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਗਿਆ । ਜੋ ਕਿਰਗਿਜ਼ਸਤਾਨ ਦੇ ਦੂਰ ਦੁਰਾਡੇ ਇਲਾਕੇ ਵਿੱਚ ਪਿੰਡ ਦੇ ਲੋਕਾਂ ਲਈ ਸਕੂਲ ਖੋਲਣ ਦੀ ਕੋਸ਼ਿਸ਼ ਕਰ ਰਿਹਾ ਸੀਲਐਪਰ ਪਿੰਡ ਦੇ ਕੁਝ ਪਿਛਾਖੜੀ ਕਿਸਮ ਦੇ ਲੋਕ ਉਸ ਦੇ ਰਾਹ ਦਾ ਅੜ੍ਹਿੱਕਾ ਬਣਦੇ ਹਨ ।ਆਖੀਰ ਉਸਨੂੰ ਸੋਵੀਅਤ ਸਰਕਾਰ ਵਲੋਂ ਕੀਤੇ ਹੁਕਮਾਂ ਦਾ ਪੱਤਰ ਦਿਖਾਉਣ ਤੋਂ ਬਾਅਦ ਹੀ ਸਕੂਲ ਖੋਲ੍ਹਣ ਦਾ ਮੌਕਾ ਦਿੱਤਾ ਜਾਂਦਾ ਹੈ ।ਜਸਵੀਰ ਮੋਰੋਂ ਜੀ ਨੇ ਦੱਸਿਆ ਕਿ ਸਾਰੇ ਸਮਾਜਾਂ ਵਿਚ ਕੁਝ ਸਮਾਨਤਾਵਾਂ ਹੁੰਦੀਆਂ ਹਨ । ਹਰੇਕ ਸਮਾਜ ਵਿੱਚ ਸਿਤਾਮਕੁਲ ਵਰਗੇ ਪਾਤਰ ਬਿਨਾਂ ਗੱਲੋਂ ਰੋੜੇ ਅਟਕਾਉਂਦੇ ਹਨ । ਜਸਵੀਰ ਮੋਰੋਂ ਜੀ ਨੇ ਦੱਸਿਆ ਕਿ ਇਹ ਨਾਵਲ ਪਿਛਲਝਾਤ ਪਵਾਉਂਦਾ ਹੋਇਆ ਅੱਗੇ ਚਲਦਾ ਹੈ । ਇਸ ਨਾਵਲ ਦੀ ਪਾਤਰ ਅਲਿਤਨਾਈ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਇੱਕ ਖੱਤ ਲਿਖਦੀ ਹੈ ਜੋ ਕਿ ਨਾਵਲ ਦਾ ਆਧਾਰ ਬਣਦਾ ਹੈ । ਚਰਚਾ ਨੂੰ ਜਾਰੀ ਰੱਖਦਿਆਂ ਪਾਠਕ ਸਾਥੀ ਅਮਰਜੀਤ ਸਿੰਘ ਧਰਮਕੋਟ ਜੀ ਨੇ ਦੱਸਿਆ ਕਿ ਨਾਵਲ ਦੇ ਪਾਤਰਾਂ ਦੀ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਸੋਵੀਅਤ ਯੂਨੀਅਨ ਦੀ ਸਰਕਾਰ ਆਪਣੇ ਨਾਗਰਿਕਾਂ ਦੀ ਸਿੱਖਿਆ ਨੂੰ ਕਿੰਨੀ ਅਹਿਮੀਅਤ ਦਿੰਦੀ ਹੈ । ਸੋਵੀਅਤ ਸਰਕਾਰ ਵਲੋਂ ਹਰ ਇੱਕ ਬੱਚੇ ਨੂੰ ਸਿੱਖਿਆ ਦੇਣ ਦੇ ਬਾਕਾਇਦਾ ਹੁਕਮ ਜਾਰੀ ਕੀਤੇ ਸਨ । ਦੂਜੀ ਗੱਲ ਸਭ ਤੋਂ ਵੱਧ ਇਹ ਪ੍ਰਭਾਵਿਤ ਕਰਦੀ ਹੈ ਕਿ ਸੋਵੀਅਤ ਯੂਨੀਅਨ ਦੀ ਜਨਤਾ ਆਪਣੇ ਲੀਡਰ ਲੈਨਿਨ ਨਾਲ ਕਿਸ ਹੱਦ ਤੱਕ ਜੁੜੀ ਹੋਈ ਹੈ । ਲੈਨਿਨ ਦੀ ਮੌਤ ਤੋਂ ਬਾਅਦ ਜਿਸ ਤਰਾਂ ਸਾਰੇ ਲੋਕ ਸੋਗ ਮਨਾਉਂਦੇ ਹਨਲ ਉਹ ਸਭ ਕੁਝ ਹੈਰਾਨ ਕਰਨ ਵਾਲਾ ਹੈ ।ਸਰਪੰਚ ਨਿੰਦਰ ਮਾਈਦਿੱਤਾ ਨੇ ਆਪਣੀ ਗੱਲ ਰੱਖਦਿਆਂ ਕਿਹਾ ਕਿ ਇਸ ਨਾਵਲ ਬਾਰੇ ਪਹਿਲੀ ਵਾਰ ਕਿਸੇ ਪ੍ਰੋਗਰਾਮ ਤੇ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਤੋਂ ਸੁਣਿਆ ਸੀ । ਇਸ ਨਾਵਲ ਤੋਂ ਪ੍ਰਭਾਵਿਤ ਹੋ ਕੇ ਪਿੰਡ ਵਿਚ ਸਾਵਿਤਰੀ ਬਾਈ ਫੂਲੇ ਟਿਊਸ਼ਨ ਸੈਂਟਰ ਦੀ ਸ਼ੁਰੂਆਤ ਕੀਤੀ ਹੈ । ਨਾਵਲ ਦੇ ਪਾਤਰਾਂ ਦੇ ਨਾ ਰਸ਼ੀਅਨ ਹੋਣ ਕਰਕੇ ਥੋੜ੍ਹਾ ਔਖਾ ਲੱਗਦਾ ਹੈ,ਪਰ ਦਿਲਚਸਪ ਹੈ । ਜਰਨੈਲ ਸਿੰਘ ਜਾਫ਼ਾਰਪੁਰ ਜੀ ਨੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਾਵਲ ਦੀ ਵਿਧਾ ਇਟਲੀ ਦੀ ਦੇਣ ਹੈ । ਇਸ ਨਾਵਲ ਵਿਚ ਘੱਟ ਪੜ੍ਹਿਆ ਲਿਖਿਆ ਬੰਦਾ ਬੱਚਿਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਕਿ ਸਹੀ ਮਾਇਨਿਆਂ ਵਿੱਚ ਇੱਕ ਖਰਾ ਅਧਿਆਪਕ ਸਾਬਿਤ ਹੁੰਦਾ ਹੈ ।ਅਧਿਆਪਕ ਹੋਣ ਦਾ ਅਰਥ ਇਹ ਹੈ ਕਿ ਸਮਾਜ ਨੂੰ ਸਹੀ ਸੇਧ ਦੇ ਕੇ ਲੋਕਾਂ ਨੂੰ ਅਗਾਂਹ ਵਾਧੂ ਕੰਮਾਂ ਲਈ ਤੋਰਿਆ ਜਾਵੇ ਤੇ ਲੋਕਾਂ ਨੂੰ ਪੁਰਾਣੇ ਰੂੜੀ ਰਿਵਾਜ਼ਾਂ ਦੇ ਖਿਲਾਫ ਖੜ੍ਹਾ ਹੋਣਾ ਸਿਖਾਵੇ । ਸ੍ਰੀ ਸ਼ਸ਼ੀ ਬਾਲੀ ਜੀ ਨੇ ਆਪਣੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਰੂਸ ਤੇ ਹਿੰਦੋਸਤਾਨ ਦੀਆ ਹਾਲਤਾਂ ਵਿਚ ਬਹੁਤ ਫਰਕ ਹੈ । ਇਸ ਲਈ ਭਾਰਤੀ ਸਮਾਜ ਵਿਚ ਤਬਦੀਲੀ ਲਈ ਦੂਈਸ਼ੇਨ ਵਰਗੇ ਬਹੁਤ ਸਾਰੇ ਅਧਿਆਪਕ ਚਾਹੀਦੇ ਹਨ ।

ਸੰਦੀਪ ਨਈਅਰ ਨੇ ਚਰਚਾ ਵਿੱਚ ਭਾਗ ਲੈਦਿਆਂ ਕਿਹਾ ਕਿ ਨਾਵਲ ਦਾ ਨਾਇਕ ਦੂਈਸ਼ੇਨ ਸੋਵੀਅਤ ਯੂਨੀਅਨ ਦੀ ਇਨਕਲਾਬੀ ਪਾਰਟੀ ਦੇ ਯੂਥ ਵਿੰਗ ਕੋਮਸਮੋਲ ਦਾ ਮੈਂਬਰ ਹੈ ।ਉਸ ਨੂੰ ਇਨਕਲਾਬ ਤੋਂ ਬਾਅਦ ਕਿਰਗਿਜ਼ਸਤਾਨ ਦੇ ਪਿੰਡ ਵਿਚ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਭੇਜਿਆ ਗਿਆ ਹੈ । ਪਰ ਉਲਟ ਇਨਕਲਾਬੀ ਤੱਤ ਉਸ ਦੇ ਰਾਹ ਵਿਚ ਰੋੜੇ ਅਟਕਾਉਂਦੇ ਹਨ । ਅਸਲ ਵਿਚ ਰੂਸ ਵਿਚ ਇਨਕਲਾਬ ਹੋਣ ਤੋਂ ਕਈ ਸਾਲ ਬਾਅਦ ਵੀ ਪਿਛਾਖੜੀ ਤੱਤ ਦੂਰ ਦਰਾਡੇ ਇਲਾਕਿਆਂ ਵਿਚ ਸਰਗਰਮ ਸਨ । ਦੂਈਸ਼ੇਨ ਤੇ ਉਸਦੀ ਪਾਰਟੀ ਦੇ ਬੰਦੇ ਬੜੀ ਮੁਸ਼ਕਿਲ ਨਾਲ ਪਿਛਾਖੜੀ ਲੋਕਾਂ ਨੂੰ ਨੱਥ ਪਾਉਂਦੇ ਹਨ ।ਪਰਮਜੀਤ ਕਰਿਆਮ ਨੇ ਨਾਵਲ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਦੂਈਸ਼ੇਨ ਵਰਗੇ ਅਧਿਆਪਕ ਤੋਂ ਸਿੱਖਣਾ ਚਾਹੀਦਾ ਤਾਂ ਕਿ ਸਮਾਜ ਵਿੱਚ ਲੋਕ ਪੱਖੀ ਕੰਮ ਹੋ ਸਕਣ । ਐਡਵੋਕੇਟ ਸੁਖਵੀਰ ਸਿੰਘ ਵਲੋਂ ਆਪਣੀ ਰਚਨਾ "ਮਾਹੌਲ ਖ਼ਰਾਬ ਹੈ " ਸੁਣਾ ਕੇ ਚੱਲ ਰਹੀ ਚਰਚਾ ਦਾ ਮਾਹੌਲ ਬਾਦਲ ਦਿਤਾ ਗਿਆ । ਹੋਰਨਾਂ ਤੋਂ ਇਲਾਵਾ ਦਲਵੀਰ ਮਾਹੀ ਬੇਗੋਵਾਲ ਤੇ ਸ਼੍ਰੀ ਸਤਵਿੰਦਰ ਮਦਾਰਾ ਜੀ ਨੇ ਵੀ ਆਪਣੀ ਹਾਜ਼ਰੀ ਲਵਾਈ। ਚਰਚਾ ਵਿਚ ਬਰਾਦਰੀ ਬਾਗ਼ ਦੀ ਲਾਇਬ੍ਰੇਰੀ ਇੰਚਾਰਜ ਮੈਡਮ ਅਨੂਪ ਰਾਣਾ ਜੀ ਵਲੋਂ ਵੀ ਸ਼ਿਰਕਤ ਕੀਤੀ । ਮੈਡਮ ਅਨੂਪ ਰਾਣਾ ਜੀ ਵਲੋਂ ਪਾਠਕਾਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਪ੍ਰੇਰਿਆ ਗਿਆ । ਚਰਚਾ ਤੋਂ ਬਾਅਦ ਸਾਥੀ ਜਸਵੀਰ ਮੋਰੋਂ ਤੇ ਹਾਜ਼ਰ ਸਾਥੀਆਂ ਵਲੋਂ ਮੈਡਮ ਅਨੂਪ ਰਾਣਾ ਜੀ ਨੂੰ ਲਾਇਬ੍ਰੇਰੀ ਲਈ ਅਗਾਂਹਵਧੂ ਸਾਹਿਤ ਭੇਟ ਕੀਤਾ ਗਿਆ ।

# ਤਕਦੀਰ (ਪੰਜਾਬੀ ਕਹਾਣੀ)

ਮੂੰਗਫਲੀ ਦੀ ਬੋਰੀ ਨੂੰ ਖੋਲ ਕੇ ਜ਼ਮੀਨ ਤੇ ਵਿਛਾਈ ਪੱਲੀ ਤੇ ਹਾਸ਼ਮ ਢੇਰੀ ਕਰ ਰਿਹਾ ਸੀ ਤਾਂ ਨਜ਼ਦੀਕ ਖੜੀ ਹਾਸ਼ਮ ਦੀ ਬੀਵੀ ਨੂਰੀ ਨੇ ਹਾਸ਼ਮ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ, ਖ਼ਾਦਿਮ ਹੁਣ ਤੁਸੀਂ ਬਜ਼ੁਰਗ ਹੋ ਗਏ ਓ, ਇਕੱਲੇ ਜ਼ੋਰ ਨਾ ਲਗਾਇਆ ਕਰੋ। ਹਾਸ਼ਮ ਬੋਰੀ ਵਿਚ ਬੱਚੀ ਮੂੰਗਫਲੀ ਨੂੰ ਬੰਨਦਿਆਂ ਬੋਲਿਆ ਬੇਗਮ ਮੈਨੂੰ ਤਾਂ ਇੰਜ ਲਗਦਾ ਕਿ ਮਜ਼ਦੂਰ ਤੋਂ ਬੁਢਾਪਾ ਬਹੁਤ ਡਰਦਾ ਏ। ਤੇ ਹਾਸ਼ਮ ਉੱਚੀ ਦੇਣੀ ਹਸ ਪਿਆ। ਡਰ ਸ਼ਬਦ ਸੁਣ ਕੇ ਹਾਸ਼ਮ ਦੀ ਬੇਗਮ ਨੂਰ ਨੂੰ ਜਿਵੇਂ ਝੁਣਝੁਣੀ ਜਿਹੀ ਆ ਗਈ ਸੀ। ਉਹ ਯਾਦਾਂ ਦੇ ਅਤੀਤ ਵਿਚ ਗੁਵਾਚ ਗਈ ਹਾਸ਼ਮ ਇਕ ਸਮੇਂ ਵਿਉਪਾਰੀ ਹੋਇਆ ਕਰਦਾ ਸੀ। ਇਕ ਵੱਡੀ ਹਵੇਲੀ, ਨੌਕਰ ਚਾਕਰ, ਤੇ ਬੇਗਮ ਨੂਰ ਦੀ ਦੇਖਭਾਲ ਲਈ ਦਾਸੀ ਜੋਂ ਹਰ ਸਮੇਂ ਬੇਗਮ ਸਾਹਿਬਾ ਬੇ.ਗਮ ਸਹਿਬਾਂ ਆਖਦੀ ਨਾ ਥਕਦੀ ਅਚਾਨਕ ਹਾਸ਼ਮ ਦਾ ਸਭ ਕੁਝ ਇਕ ਦਿਨ ਸ਼ਹਿਰ ਵਿਚ ਹੋਏ ਦੰਗਿਆਂ ਦੀ ਭੇਟਾ ਚੜ ਗਿਆ। ਇਨਸਾਨ ਨੇ ਹੈਵਾਨ ਬਣਕੇ ਇਨਸਾਨੀਅਤ ਨੂੰ ਸ਼ਰਮਸ਼ਾਰ ਕਰ ਦਿਤਾ ਧਰਮਾਂ ਦੇ ਨਾਮ ਤੇ ਲਗ ਰਹੇ ਜਹਾਦ ਦੇ ਨਾਹਰਿਆਂ ਵਿਚ ਧਰਮ ਕਰਮ ਨੂੰ ਤਹਿਸ ਨਹਿਸ਼ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਹਾਸ਼ਮ ਜਿਨ੍ਹਾਂ ਨੂੰ ਆਪਣੇ ਸਮਝਦਾਂ ਜੀ ਅਖ ਝਪਕਦੇ ਬੈਗਾਨੇ ਹੋ ਗਏ । ਹਾਸ਼ਮ ਦੀ ਹਵੇਲੀ ਨੂੰ ਲੁੱਟ ਲਿਆ ਗਿਆ ਤੇ ਬਾਅਦ ਵਿਚ ਅੱਗ ਲਗਾ ਦਿੱਤੀ ਹਾਸ਼ਮ ਕਿਸੇ ਤਰ੍ਹਾਂ ਇਕ ਸਾਲ ਦੀ ਇਕਲੌਤੀ ਬੱਚੀ ਨੂੰ ਲੈ ਕੇ ਬੀਵੀ ਨਾਲ ਜਾਨ ਬਚਾਉਣ ਵਿਚ ਕਾਮਯਾਬ ਹੋ ਗਿਆ ਸੀ। ਹਾਸ਼ਮ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ ਸੀ ਤੇ ਸਿਰ ਤੇ ਅਸਮਾਨ ਫਟ ਗਿਆ ਸੈਂਕੜੇ ਲੋਕਾਂ ਨੂੰ ਸਹਾਰਾ ਦੇਣ ਵਾਲਾ ਵਿਉਪਾਰੀ ਹਾਸ਼ਮ ਖੁਦ ਬੇ ਸਹਾਰਾ ਹੋ ਗਿਆ ਸੀ ।

ਇਸ ਤੋਂ ਮਾੜੀ ਕਿਸਮਤ ਕੀ ਹੋ ਸਕਦੀ ਹੈ ਕਿ ਬੇ ਘਰ ਖੁੱਲੇ ਅਸਮਾਨ ਥੱਲੇ ਥੱਕੇ ਹਾਰੇ ਤੇ ਕਿਸਮਤ ਨੂੰ ਕੋਸ ਰਹੇ ਹਾਸ਼ਮ ਤੇ ਬੈਗਮ ਨੂਰ ਤੇ ਕਹਿਰ ਨਾਜਲ ਹੋ ਗਿਆ ਸੀ ਉਨ੍ਹਾਂ ਦੀ ਅੱਖ ਲੱਗੀ ਦੇਖ ਕਿਸੇ ਪਾਪੀ ਵੱਲੋਂ ਉਨਾ ਦੀ ਬੇਟੀ ਨੂੰ ਵੀ ਚੁਰਾ ਲਿਆ। ਬਹੁਤ ਤਲਾਸ਼ ਕੀਤੀ, ਦੋਨੋਂ ਜਣੇ ਗਲੀ ਗਲੀ ਵਿਚ ਪਾਗਲਾਂ ਵਾਂਗ ਘੁਮਦੇ ਰਹੇ, ਫਰਿਆਦਾ ਵੀ ਕੀਤੀਆਂ ਪਰ ਕਿਸੇ ਪਾਸੇ ਕੋਈ ਖ਼ੈਰ ਨਾ ਪੈਂਦੀ ਦੇਖ ਖੁਦਾ ਦਾ ਭਾਣਾ ਮੰਨ ਬਾਕੀ ਜ਼ਿੰਦਗੀ ਕੱਟਣ ਲਈ ਮਜਬੂਰ ਹਾਸ਼ਮ ਤੇ ਨੂਰ ਅੱਜ ਬੁਢਾਪੇ ਵਿਚ ਪੁਜ ਗਏ ਸਨ। ਸੱਚ ਹੀ ਤਾਂ ਹੈ ਮਨੁੱਖ ਬੁਢਾ ਨਹੀਂ ਹੁੰਦਾ ਉਸ ਨੂੰ ਉਸ ਤੇ ਬੀਤੀਆਂ ਹਡ ਬੀਤੀਆਂ ਬੁੱਢਾ ਕਰ ਦਿੰਦੀਆਂ ਹਨ। ਬੈਗਮ ਨੂਰ ਅਜੇ ਯਾਦਾਂ ਦੇ ਝਰੋਖੇ ਵਿੱਚੋਂ ਨਹੀਂ ਨਿਕਲੀ ਸੀ ਕਿ ਸਾਮਣੇ ਖੜੀ ਇਕ ਔਰਤ ਨੇ ਹਾਸ਼ਮ ਨੂੰ ਦੋ ਕਿਲੋ ਮੂੰਗਫਲੀ ਦੇਣ ਲਈ ਕਿਹਾ। ਹਾਸ਼ਮ ਧੁਖਦੀ ਧੂਣੀ ਧੱਲਿਓ ਗਰਮ ਗਰਮ ਮੂੰਗਫਲੀ ਲਫਾਫੇ ਵਿੱਚ ਪਾ ਕੇ ਤੋਲਦਾ ਬੋਲਿਆ ਬੇਟੀ 200 ਰੁਪਏ ਔਰਤ ਨੇ ਪਰਸ ਖੋਲਿਆ 200 ਰੁਪਏ ਹਾਸ਼ਮ ਨੂੰ ਦਿਤੇ ਤੇ ਚਲੇਗੀ। ਅਚਾਨਕ ਬੇਗਮ ਦਾ ਧਿਆਨ ਮੂੰਗਫਲੀ ਦੀ ਬੋਰੀ ਤੇ ਪਿਆ ਤਾਂ ਬੇਗਮ ਚਿਲਾਈ ਹਾਸਮ ਉਹ ਔਰਤ ਜੋਂ ਮੂੰਗਫਲੀ ਲੈ ਕੇ ਗਈ ਆਪਣਾ ਬੈਗ ਮੂੰਗਫਲੀ ਦੀ ਬੋਰੀ ਤੇ ਭੁੱਲ ਗਈ ਹੈ । ਇਸ ਤੋਂ ਪਹਿਲਾਂ ਹਾਸ਼ਮ ਅਵਾਜ਼ ਦਿੰਦਾ ਔਰਤ ਦੀ ਤੇਜ਼ ਕਾਰ ਦੇਖਦੇ ਦੇਖਦੇ ਅੱਖਾਂ ਤੋਂ ਓਹਲੇ ਹੋ ਗਈ ਸੀ। ਹਾਸ਼ਮ ਤੇ ਬੈਗਮ ਨੂਰ ਦਾ ਰੌਲਾ ਸੁਣਕੇ ਨਜ਼ਦੀਕ ਦੇ ਦੁਕਾਨਦਾਰ ਵੀ ਇਕੱਠੇ ਹੋ ਗਏ ਸਨ। ਇਕ ਨੇ ਕਿਹਾ ਹਾਸ਼ਮ ਬੈਗ ਖੋਲ੍ਹ ਕੇ ਦੇਖ ਸ਼ਹਿਦ ਕੋਈ ਸੁਰ ਪਤਾ ਟਿਕਾਣਾ ਲਗ ਜਾਵੇ। ਹਾਸ਼ਮ ਬੇਗਾਨਾ ਬੈਗ ਖੋਹਲਣ ਦੇ ਹਕ ਵਿਚ ਨਹੀਂ ਸੀ ਪਰ ਇਕ ਦੁਕ-ਾਨਦਾਰ ਵੱਲੋਂ ਬੈਗ ਦੀ ਜਿਪ ਨੂੰ ਖੋਲ ਲਿਆ ਕੁਝ ਕਾਗਜ਼ਾਤ, ਇਕ ਪਾਸ-ਪੋਰਟ, ਕੁਝ ਵਿਦੇਸ਼ੀ ਕਰੰਸੀ ਤੇ ਇਕ ਪੁਰਾਣਾ ਲਾਕਟ। ਅਚਾਨਕ ਬੇਗਮ ਨੂਰ ਦੀ ਨਿਗਾਹ ਲਾਕਟ ਤੇ ਪਈ ਉਹ ਜੋਰ ਦੀ ਚੀਖੀ ਹਾਸ਼ਮ ਇਹ ਲੌਕਟ ਨੂੰ ਪਹਿਚਾਣੋ, ਹਾਸ਼ਮ ਬੋਲਿਆ ਖੁਦ ਨੂੰ ਸੰਭਾਲੋ ਬੈਗਮ ਲੌਕਟ ਇਸ ਤਰਾਂ ਦੇ ਬਹੁਤ ਮਿਲ ਜਾਣਗੇ, ਬੈਗਮ ਨੂਰ ਫਿਰ ਚਿਲਾਈ ਹਾਸਮ ਮੈਂ ਲਾਕਟ ਨਹੀਂ ਮੰਗ ਰਹੀ ਇਸ ਲਾਕਟ ਨੂੰ ਧਿਆਨ ਨਾਲ ਦੇਖੋ ਇਸ ਤਰਾਂ ਦਾ ਲੌਕਟ ਜੈਸਮੀਨ ਦੇ ਗਲ ਵਿਚ ਪਾਇਆ ਸੀ ਆਪਣੀ ਜੈਸਮੀਨ ਜੋ ਬਹੁਤ ਵਰ੍ਹੇ ਪਹਿਲਾਂ ਕਿਸੇ ਵੱਲੋਂ ਚੁਰਾ ਲਈ ਗਈ ਸੀ। ਅਚਾਨਕ ਹਾਸ਼ਮ ਦੀ ਨਿਗ੍ਹਾ ਲਾਕਟ ਤੇ ਪਈ ਤਾਂ ਉਸ ਨੇ ਲਾਕਟ ਨੂੰ ਖੋਲਿਆ ਤਾਂ ਹਾਸ਼ਮ ਦੇ ਹੋਸ਼ ਉੱਡ ਗਏ ਸਚਮੁੱਚ ਇਸ ਵਿਚ ਜੈਸਮੀਨ ਦੀ ਤਸਵੀਰ ਸੀ । ਹਾਸ਼ਮ ਨੇ ਹਉਕਾ ਭਰਦਿਆਂ ਕਿਹਾ ਹਾਏ ਮੇਰੀ ਬੱਚੀ ਮੇਰੀ ਜੈਸਮੀਨ ਹਾਸ਼ਮ ਤੇ ਨੂਰ ਬੇਗਮ ਨੂੰ ਸ਼ੁਧ ਬੁਧ ਭੁੱਲ ਗਈ ਸੀ ਬਜਾਰ ਵਿਚ ਸੁੰਨ ਪਸਰ ਗਈ ਸੀ। ਅਚਾਨਕ ਹੁਣ ਕਾਰ ਆਣ ਰੁਕੀ ਵਿਚੋਂ ਇਕ ਔਰਤ ਵਿਚੋਂ ਉਤਰੀ ਤੇ ਆਪਣੇ ਪਰਸ ਬਾਰੇ ਪੁੱਛਣ ਲਈ ਤਾਂ ਭੀੜ ਵਿਚੋਂ ਬਜ਼ੁਰਗ ਬਾਬਾ ਆਦਮ ਚਲਾ ਕੇ ਬੋਲਿਆ ਬੇਟੀ ਅੱਜ ਪਰਸ ਨਹੀਂ ਖੁਦਾ ਮਿਹਰਬਾਨ ਹੋਇਆ ਹੈ ਅਜ ਤਰਸ ਦਾ ਦਿਨ ਹੈ ਖ਼ੁਦਾ ਨੇ ਆਪਣੇ ਬੰਦਿਆਂ ਤੇ ਤਰਸ ਖਾਦਾ ਹੈ। ਔਰਤ ਬੋਲੀ ਮੈਂ ਕੁਝ ਸਮਝੀ ਨਹੀਂ ਬਾਬਾ, ਆਦਮ ਬੋਲਿਆ ਬੇਟੀ ਇਹ ਤਬੀਤ ਤੇਰਾ ਹੈ। ਔਰਤ ਬੋਲੀ ਹਾਂ ਬਾਬਾ, ਇਸ ਵਿਚ ਤਸਵੀਰ ਕਿਸਦੀ ਹੈ ਔਰਤ ਨੇ ਕਿਹਾ ਮੇਰੀ ਤਾਂ ਬਾਬਾ ਆਦਮ ਬੋਲਿਆ ਬੇਟੀ ਜੇ ਲੌਕਟ ਵਿਚ ਤੇਰੀ ਤਸਵੀਰ ਹੈ ਤਾਂ ਇਹ ਹਾਸ਼ਮ ਤੇ ਇਸਦੀ ਬੈਗਮ ਨੂਰ ਤੇਰੀ ਤਕਦੀਰ ਹੈ। ਤੂੰ ਇਨ੍ਹਾਂ ਦੀ ਔਲਾਦ ਹੈ ਬੱਚੇ। ਬਹੁਤ ਸਮਾਂ ਪਹਿਲਾਂ ਇਨ੍ਹਾਂ ਨੇ ਤੈਨੂੰ ਖੋਹ ਦਿੱਤਾ ਸੀ । ਔਰਤ ਨੇ ਕਿਹਾ ਬਾਬਾ ਮੇਰੇ ਪਿਤਾ ਹਾਸ਼ਮ ਵਿਉਪਾਰੀ ਸਨ ਅਤੇ ਨੂਰ ਬੈਗਮ ਮੇਰੀ ਮਾਂ , ਬਹੁਤ ਸਮਾਂ ਪਹਿਲਾਂ ਮੈਂ ਇਹ ਲਾਕਟ ਲੈ ਕੇ ਤਲਾਸ਼ ਕਰਦੀ ਕਰਦੀ ਇਕ ਸੁਨਿਆਰੇ ਪਾਸ ਗਈ ਤਾਂ ਮੈਨੂੰ ਉਸ ਤੋਂ ਪਤਾ ਲਗਿਆ ਸੀ ਕਿ ਇਹ ਲਾਕਟ ਵਿਉਪਾਰੀ ਹਾਸ਼ਮ ਨੇ ਆਪਣੀ ਬੇਟੀ ਦੇ ਜਨਮ ਦਿਨ ਤੇ ਜਾਨੀ ਮੇਰੇ ਲਈ ਬਣਵਾਇਆ ਸੀ। ਅਬੂ ਮੈਂ ਬਹੁਤ ਸਮੇਂ ਤੋਂ ਤੁਹਾਡੀ ਤਲਾਸ਼ ਕਰ ਰਹੀ ਸੀ ਪਰ ਮੇਰੇ ਕੋਲ ਤੁਹਾਡੀ ਕੋਈ ਤਸਵੀਰ ਨਹੀਂ ਸੀ ਪਰ ਅਜ ਤਕਦੀਰ ਨੇ ਮੈਨੂੰ ਮੇਰੇ ਅਬੂ ਤੇ ਮਾਂ ਨਾਲ ਮਿਲਾ ਦਿੱਤਾ ਔਰਤ ਦੀਆਂ ਅੱਖਾਂ ਵਿਚੋਂ ਅਥਰੂਆਂ ਦੀ ਝੜੀ ਲਗ ਗਈ ਸੀ। ਔਰਤ ਬੋਲੀ ਅੱਜ ਮੈ ਬਹੁਤ ਖੁਸ਼ ਹਾਂ ਤੇ ਪਰ ਖ਼ੁਦਾ ਅਗੇ ਫਰਿਆਦ ਕਰਦੀ ਹਾਂ ਕਿ ਉਹ ਹਰ ਔਲਾਦ ਦੇ ਮੱਥੇ ਵਿੱਚ ਮੇਰੇ ਵਰਗੀ ਤਕਦੀਰ ਨਾ ਲਿਖੇ।



**ਕਹਾਣੀਕਾਰ - ਹਰਜਿੰਦਰ ਸਿੰਘ ਚੰਦੀ ਮਹਿਤਪੁਰ**
**9814601638**

# ਲਾਇਬਰੇਰੀ ਦੀ ਅਹਿਮੀਅਤ



**ਮੇਰੇ ਘਰ ਵਿੱਚ ਬਣੀ ਲਾਇਬਰੇਰੀ ਜੋ 25 ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੀ ਹੈ।**

ਜਦੋਂ ਕਿਤਾਬਾਂ ਪੜ੍ਹਨ ਦੀ ਆਦਤ ਪਾ ਪਵੋ ਅਤੇ ਹੌਲੀ ਹੌਲੀ ਆਪਣੇ ਘਰ ਵਿੱਚ ਹੀ ਕਿਤਾਬਾਂ ਦੀ ਲਾਇਬਰੇਰੀ ਬਣਾ ਲਵੋ ਤਾਂ ਇੰਝ ਲਗਦਾ ਰਹਿੰਦਾ ਹੈ ਕਿ ਅਧਿਆਪਕ ਅਤੇ ਸਕੂਲ ਘਰ ਵਿੱਚ ਹੀ ਆ ਗਏ ਹਨ ਲ ਇਹ ਸਕੂਲ ਅਤੇ ਅਧਿਆਪਕ ਵੀ ਇਹੋ ਜਿਹੇ ਹੁੰਦੇ ਹਨ ਕਿ ਇੱਕ ਵਾਰ ਘਰ ਵਿੱਚ ਆ ਜਾਣ ਤਾਂ ਬਾਦ ਵਿੱਚ ਇਨ੍ਹਾਂ ਦਾ ਕੋਈ ਖਰਚਾ ਨਹੀਂ ਹੁੰਦਾ ਭਾਵ ਨਾ ਇਹ ਕੋਈ ਤਨਖਾਹ ਲੈਂਦੇ ਹਨ, ਨਾ ਹੀ ਇਨ੍ਹਾਂ ਨੂੰ ਕੁੱਝ ਖਾਣ ਪੀਣ ਨੂੰ ਚਾਹੀਦਾ ਹੁੰਦਾ ਹੈ ਅਤੇ ਨਾ ਹੀ ਇਹ ਤੁਹਾਡੇ ਤੇ ਕੋਈ ਅਹਿਸਾਨ ਕਰਦੇ ਹਨ ।

ਸਗੋਂ ਇਹ ਲਾਇਬਰੇਰੀ ਵਾਲੇ ਘਰ ਨੂੰ ਅਤੇ ਪੜ੍ਹਨ ਵਾਲੇ ਪਾਠਕਾਂ ਦੀ ਜ਼ਿੰਦਗੀ ਨੂੰ ਰੋਜ਼ਾਨਾ ਰੌਸ਼ਨ ਕਰਦੇ ਰਹਿੰਦੇ ਹਨ । ਇਸੇ ਕਰਕੇ ਆਦਤ ਪਾਉਣੀ ਚਾਹੀਦੀ ਹੈ ਕਿ ਇਸ ਚਾਨਣ ਨੂੰ ਆਪਣੇ ਘਰਾਂ ਵਿੱਚ ਜ਼ਰੂਰ ਬਿਖੇਰਿਆ ਜਾਵੇ ਲ ਫਿਰ ਇਹ ਚਾਨਣ ਇੱਕ ਘਰ ਵਿੱਚੋਂ ਹੁੰਦਾ ਹੋਇਆ ਕਈ ਘਰਾਂ ਵਿੱਚ ਫੈਲ ਜਾਂਦਾ ਹੈ ।

ਇਹ ਚਾਨਣ ਵੀ ਇਹੋ ਜਿਹਾ ਹੁੰਦਾ ਹੈ ਕਿ ਇਸ ਚਾਨਣ ਨੂੰ ਫੈਲਾਉਣ ਲਈ ਨਾ ਬਿਜਲੀ ਦੀ ਲੋੜ, ਨਾ ਸੋਲਰ ਪਾਵਰ ਦੀ ਲੋੜ ਅਤੇ ਨਾ ਹੀ ਕਿਸੇ ਪੈਟਰੋਲ ਜਾਂ ਗੈਸ ਦੀ ਲੋੜ ਪੈਂਦੀ ਹੈ ।



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਨਸ਼ਾ ਅਤੇ ਨੌਜਵਾਨ



ਬੀਤੇ ਹੀ ਦਿਨ ਮੈਂ ਐਂਟੀ ਡਰੱਗ ਦਿਵਸ ਮਨਾ ਰਹੀ ਸੀ, ਜਿਸਦਾ ਮੁੱਖ ਮੁੱਦਾ ਸਿੰਥੈਟਿਕ ਡਰੱਗ ਸੀ। ਜੇ ਨੌਜਵਾਨਾਂ ਤੋਂ ਪੁੱਛਿਆ ਜਾਵੇ, ਤੁਸੀਂ ਕੋਈ ਨਸ਼ਾ ਕਰਦੇ ਹੋ? ਤਾਂ ਨਵੀਂ ਪੀੜ੍ਹੀ ਦਾ ਜਵਾਬ ਨਾਂਹ ਵਿੱਚ ਹੁੰਦਾ ਹੈ, ਪਰ ਜਦੋਂ ਨੌਜਵਾਨਾਂ ਨੂੰ ਇਹ ਪੁੱਛਿਆ ਜਾਂਦਾ ਹੈ ਕਿ ਤੁਸੀਂ ਕੋਈ ਨਸ਼ਾ ਤਾਂ ਨਹੀਂ ਕਰਦੇ, ਉਹ ਅਕਸਰ ਕਹਿੰਦੇ ਹਨ ਕਿ ਅਸੀਂ ਐਨਰਜੀ ਡਰਿੰਕ ਪੀਂਦੇ ਹਾਂ, ਤਾਂ ਜਵਾਬ ਬੜੇ ਮਾਣ ਨਾਲ ਹਾਂ ਵਿੱਚ ਦਿੰਦੇ ਹਾਂ। ਜਦੋਂ ਉਹਨਾਂ ਦਾ ਸ਼ਰੀਰ ਟੁੱਟਣ ਲੱਗਦਾ ਹੈ ਤਾਂ ਉਹ ਐਨਰਜੀ ਡਰਿੰਕ ਪੀਣ ਦੇ ਨਾਲ ਨਾਲ ਹੌਲੀ ਹੌਲੀ ਹੋਰ ਨਸ਼ੇ ਦਾ ਸੇਵਨ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਬਾਅਦ ਵਿੱਚ ਉਹ ਹੋਰ ਨਸ਼ਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਹੁਣ ਤਾਂ ਮੁੰਡਿਆਂ ਦੇ ਨਾਲ ਨਾਲ ਕੁੜੀਆਂ ਵੀ ਨਸ਼ੇ ਦੀ ਵਰਤੋਂ ਕਰਦੀਆਂ ਹਨ, ਜਿਸਦੇ ਨਤੀਜੇ ਖਤਰਨਾਕ ਨਿਕਲ ਰਹੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਜੋ ਨੌਜਵਾਨ ਸਿੰਥੈਟਿਕ ਡਰੱਗ ਦਾ ਇਸਤੇਮਾਲ ਕਰਦੇ ਹਨ, ਉਹਨਾਂ ਦੇ ਘਰ ਕੋਈ ਔਲਾਦ ਨਹੀਂ ਹੁੰਦੀ। ਹੁਣ ਹਰ ਮਾਂ ਬਾਪ ਨੂੰ ਆਪਣੇ ਬੱਚੇ ਨੂੰ ਅਤੇ ਹਰ ਇਨਸਾਨ ਨੂੰ ਆਪਣੇ ਭੈਣ ਭਰਾ ਨੂੰ ਸਮੇਂ ਸਮੇਂ ਤੇ ਸਿੱਖਿਆ ਦਿੰਦੇ ਰਹਿਣਾ ਚਾਹੀਦਾ ਹੈ ਤਾਂ ਜੋ ਨਸ਼ਿਆਂ ਦਾ ਨਵੇਂ ਜੰਮੇ ਬੱਚਿਆਂ ਉੱਪਰ ਮਾੜਾ ਅਸਰ ਨਾ ਪਵੇ। ਇਸਦੇ ਨਾਲ ਹੀ ਨਸ਼ੇ ਵਿਰੁੱਧ ਸਖ਼ਤ ਕਦਮ ਚੁੱਕਣੇ ਪੈਣਗੇ ਤਾਂ ਜੋ ਨੌਜਵਾਨਾਂ ਨੂੰ ਇਸ ਦਲਦਲ ਵਿੱਚੋਂ ਬਾਹਰ ਕੱਢਿਆ ਜਾ ਸਕੇ।



**ਕਿਰਨਦੀਪ ਕੌਰ ਕੰਬੋਜ**
**ਪਿੰਡ ਸਲੀਣਾ, ਜਿਲ੍ਹਾ ਮੋਗਾ**
**ਮੋ. ਨੰ. 8360184639**

# ਸਮੇਂ ਸਮੇਂ ਦੀਆਂ ਗੱਲਾਂ ਨੇ

ਜਦੋਂ ਮਹਿਰਮ ਤੁਰ ਜਾਂਦੇ ਤਾਂ
ਸਿਰਫ਼ ਕਿਆਫੇ ਰਹਿ ਜਾਂਦੇ ।
ਸਿਰੋਂ ਸਾਈਂ ਤੁਰੇ ਤਾਂ ਘਰਾਂ 'ਚ
ਰੁਲਦੇ ਸਾਫ਼ੇ ਰਹਿ ਜਾਂਦੇ ।
ਆ ਕੇ ਵਿੱਚ ਬੁਢਾਪੇ ਹਾਲਤ
ਹੁੰਦੀ ਉਸ ਤਰ੍ਹਾਂ ਬੰਦੇ ਦੀ ;
ਵਿੱਛੜੇ ਮੇਲੇ ਮਗਰੋਂ ਖਾਲੀ
ਜਿਵੇਂ ਲਿਫ਼ਾਫੇ ਰਹਿ ਜਾਂਦੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# " ਸੱਜਣ "

ਮੀਚ ਅੱਖਾਂ ਹੁਣ ਫੈਸਲਾ ਕੋਈ ਕਰਨਾ ਨੀ,
ਜੋ ਕਰਨਾ ਸੌ ਵਾਰ ਪਹਿਲਾਂ ਹੁਣ ਸੋਚਾਂਗੇ,
ਜਜ਼ਬਾਤਾਂ ਦੇ ਵਹਿਣਾ ਦੇ ਵਿੱਚ ਬਹਿਣਾ ਨੀ
ਜਿੰਨਾਂ ਰੁਕਿਆ, ਦਿਲ ਨੂੰ ਆਖ਼ਰ ਰੋਕਾਂਗੇ,
ਬਿਨ ਸੋਚੇ ਕੋਈ ਗੱਲ, ਕਿਸੇ ਨਾਲ ਕਰਨੀ ਨਹੀਂ,
ਜਿੰਨਾਂ ਰੁਕਿਆ, ਮਨ ਚੰਦਰੇ ਨੂੰ ਰੋਕਾਂਗੇ,
ਉੱਚਾ ਉੱਡਕੇ, ਡਿੱਗਦੇ ਨੇ ਅਸਮਾਨੋਂ ਕਈ,
ਹੋ ਸਕਿਆ ਤਾਂ, ਡਿੱਗਦਿਆਂ ਤਾਈਂ, ਬੋਚਾਂਗੇ,
ਅਸੀਂ ਤਾਂ ਰੱਖੇ, ਖੁੱਲ੍ਹੇ ਦਿਲ, ਦਰਿਆ ਵਾਂਗੂੰ,
ਜੋ ਕਰਨ ਕੰਜੂਸੀ, ਉਹਨਾਂ ਲਈ ਵੀ, ਸੋਚਾਂਗੇ,
ਪਿੱਠ ਪਿੱਛੇ ਜੋ, ਕਰਦੇ ਨਿੰਦਿਆ ਚੁਗਲੀ ਨੇ,
ਵਖ਼ਤ ਆਉਣ ਤੇ, ਉਹਨਾਂ ਨੂੰ ਵੀ ਰੋਕਾਂਗੇ,
ਯਾਰੀਆਂ ਖ਼ਾਤਰ ,ਆਪਣਾ ਆਪ ਲੁਟਾਅ ਦੇਈਏ,
ਕਦਰ ਕਿੰਨੀਂ ਕੌਣ ਕਰਦਾ, ਇਹ ਵੀ ਸੋਚਾਂਗੇ,
ਪਿਆਰ ਜਿਨਾਂ ਨਾਲ਼, ਜਾਨ, ਉਹਨਾਂ ਤੋਂ ਵਾਰ ਦੇਈਏ,
ਵਾਧੇ ਘਾਟੇ, ਹੋਣੇ, ਕੀ, ਨਾ ਸੋਚਾਂਗੇ,
ਜਿੱਥੇ ਬੈਠੇ, ਉਹਨਾਂ ਲਈ ਹੀ, ਖੜ੍ਹਨਾ ਏ,
ਜਿਊਣਾ ਮਰਨਾ, ਹੁਣ, ਉਹਨਾਂ ਲਈ ਲੋਚਾਂਗੇ,
ਸੰਦੀਪ ਮੁਸੀਬਤਾਂ ਵਿੱਚ ਜੋ ਸੱਜਣ, ਖੜ੍ਹਦੇ ਰਹੇ,
ਆਪਾ ਵੀ ਤਾਂ, ਉਹਨਾਂ, ਲਈ ਹੀ ਸੋਚਾਂਗੇ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

# ਆਓ ਜੰਗਲ਼ ਉਗਾਈਏ



ਆਓ ਜੰਗਲ ਉਗਾਈਏ ਜੰਗਲੀ ਜੀਅ ਆਉਣਗੇ
ਰੱਬੀ ਜੀਵ ਬਚਾਈਏ ਇਹ ਜੀਅ ਲਾਉਣਗੇ
ਆਓ ਜੰਗਲ ਉਗਾਈਏ ਜੰਗਲੀ ਜੀਅ ਆਉਣਗੇ

ਬੀਜ਼ੋ ਗੁਠਲੀਆਂ ਤੇ ਕਲਮਾਂ ਪਿਆਰਾਂ ਦੇ ਨਾਲ
ਬੂਟੇ ਝੋਲ਼ੀ ਭਰਨਗੇ ਬਹਾਰਾਂ ਦੇ ਨਾਲ
ਮੋਰ ਕੂਕਣਗੇ ਰਲਕੇ ਪੈਲ੍ਹਾਂ ਵੀ ਪਾਉਣਗੇ
ਆਓ ਜੰਗਲ ਉਗਾਈਏ ਜੰਗਲੀ ਜੀਅ ਆਉਣਗੇ

ਇਹਨਾਂ ਜੀਵਾਂ ਨੂੰ ਕੁਦਰਤੀ ਜਿਹੇ ਘਰ ਚਾਹੀਦੇ
ਜਿੱਥੇ ਠਾਹਰਾਂ ਮਿਲਣ ਓਹੀ ਦਰ ਚਾਹੀਦੇ
ਪਾਣੀ ਨਦੀਆਂ ਦਾ ਆਪੇ ਹੀ ਪੀ ਆਉਣਗੇ
ਆਓ ਜੰਗਲ ਉਗਾਈਏ ਜੰਗਲੀ ਜੀਅ ਆਉਣਗੇ

ਇਹਨਾਂ ਜੰਗਲਾਂ ਚ' ਮੰਗਲ਼ਾਂ ਨੇ ਆ ਜਾਵਣਾ
ਰਣਜੀਤ ਬਹਾਰਾਂ ਨੇ ਛਾਅ ਜਾਵਣਾ
ਹਾਥੀ,ਹਿਰਨੋਟੇ ਵੇਖੀਂ ਨਾਲ਼ੇ ਸ਼ੀਂਹ ਆਉਣਗੇ
ਆਓ ਜੰਗਲ ਉਗਾਈਏ ਜੰਗਲੀ ਜੀਅ ਆਉਣਗੇ
ਰੱਬੀ ਜੀਵ ਬਚਾਈਏ ਇਹ ਜੀਅ ਲਾਉਣਗੇ



**ਰਣਜੀਤ ਸਿੰਘ ਹਠੂਰ**
**ਸੰਪਰਕ 99155-13137**

# ਓਏ ਸ਼ਿੰਦਿਆ

ਤੂੰ ਵੀ ਅੱਤ ਮਚਾਈ ਜਾਨਾਂ।
ਮੈਂ ਵੀ ਧੱਕੇ ਖਾਈ ਜਾਨਾਂ।

ਤੂੰ ਵੀ ਪਰਦੇ ਪਾਈ ਜਾਨਾਂ
ਮੈਂ ਵੀ ਸੰਗਾਂ ਲਾਹੀ ਜਾਨਾਂ।

ਲਾਈ ਉ ਤੇ ਓਹਲਾ ਕਾਹਦਾ
ਕਾਹਨੂੰ ਗੱਲ ਦਬਾਈ ਜਾਨਾਂ।

ਅਜੇ ਮੈਂ ਤੇਰਾ ਨਾਂਓਂ ਨੀ ਲੀਤਾ
ਐਵੇਂ ਹੀ ਘਬਰਾਈ ਜਾਨਾਂ।

ਅਜੇ ਤਾਂ ਢੱਕੀ ਰਿੱਝਦੀ ਪਈ ਏ
ਕਿਉਂ ਕਾਸਾ ਸਰਕਾਈ ਜਾਨਾਂ।

ਮੁੱਕਦੀ ਏ ਤਾਂ ਮੁੱਕ ਲੈਣ ਦੇ
ਕਾਹਨੂੰ ਖੇਡ ਵਧਾਈ ਜਾਨਾਂ।

ਵੇਖ! ਮੈਂ ਰੌਲ਼ਾ ਪਾ ਦੇਣਾ ਈ
ਕਿਉਂ ਮੈਨੂੰ ਉਕਸਾਈ ਜਾਨਾਂ।

ਬਹਿ ਜਾ ਬਹਿ ਜਾ ਟਿਕ ਕੇ ਬਹਿ ਜਾ
ਮੈਂ ਤੈਨੂੰ ਸਮਝਾਈ ਜਾਨਾਂ।

ਮੇਰੇ ਪੈਰੀਂ ਘੁੰਗਰੂ ਪਾ ਕੇ
ਗਲ਼ੀਓ-ਗਲ਼ੀ ਨਚਾਈ ਜਾਨਾਂ।

ਮੇਰਾ ਸ਼ਿੰਦਿਆ ਕੱਖ ਨੀ ਜਾਣਾ
ਤੂੰ ਅੱਖਾਂ ਵਿਚ ਆਈ ਜਾਨਾਂ।



**ਰਿਤੂ ਵਾਸੂਦੇਵ**



# ਅਖਬਾਰ ਦੀ ਇੱਕ ਖਬਰ, ਭਾਸ਼ਾ ਦੀ ਜਿੱਤ ਦਾ ਸਫ਼ਰ''

ਮੈਂ ਇੱਕ ਦਿਨ ਬੈਠਾ ਸੋਚ ਰਿਹਾ ਸੀ ਕਿ ਮੈਂ ਮਰਚੈਂਟ ਨੇਵੀ ਵਿੱਚ ਨੌਕਰੀ ਕਰਦੇ ਹੋਏ ਪੂਰੀ ਦੁਨੀਆ ਵਿੱਚ ਵੇਖਿਆ ਹੈ ਕਿ ਹਰ ਦੇਸ਼ ਆਪਣੀ ਭਾਸ਼ਾ ਨੂੰ ਪਹਿਲ ਦਿੰਦਾ ਹੈ ਪਰ ਸਾਡੇ ਦੇਸ਼ ਵਿੱਚੋਂ ਇੱਕ ਪੰਜਾਬ ਹੀ ਅਜਿਹਾ ਸੂਬਾ ਹੈ ਜੋ ਕਿ ਆਪਣੀ ਮਾਂ ਬੋਲੀ ਨੂੰ ਬਹੁਤਾ ਮਾਣ ਨਹੀਂ ਦਿੰਦਾ ਪਰ ਆਪਣੇ ਆਪ ਨੂੰ ਵੱਡਾ ਵਿਖਾਉਣ ਵਿੱਚ ਅਸੀਂ ਹਮੇਸ਼ਾ ਮੋਹਰੀ ਬਣੇ ਰਹਿੰਦੇ ਹਾਂ ਮੈਂ ਪੰਜਾਬੀ ਹਾਂ ਮੈਂ ਇਹ ਕਰ ਦਿੰਦਾ ਹਾਂ ਮੈਂ ਔਹ ਕਰ ਦਿੰਦਾ ਹਾਂ। ਮੈਂ ਵਿਦੇਸ਼ਾਂ ਵਿੱਚ ਘੁੰਮਦੇ ਵੇਖਿਆ ਹੈ ਕਿ ਹਰ ਦੇਸ਼ ਆਪਣੀ ਭਾਸ਼ਾ ਨੂੰ ਤਾਂ ਮਾਣ ਦਿੰਦਾ ਹੈ ਤੇ ਪੜ੍ਹਾਈ ਵੀ ਉਹਨਾਂ ਦੀ ਮਾਤ ਭਾਸ਼ਾ ਵਿੱਚ ਕਰਵਾਈ ਜਾਂਦੀ ਹੈ। ਜਪਾਨ ਤੇ ਚੀਨ ਨੂੰ ਹੀ ਵੇਖ ਲਵੋ ਹਰ ਖੇਤਰ ਵਿੱਚ ਦੁਨੀਆਂ ਤੇ ਛਾਏ ਹੋਏ ਹਨ, ਦੁਨੀਆਂ ਤੇ ਪ੍ਰਚਾਰੀ ਜਾਂਦੀ ਭਾਸ਼ਾ ਅੰਗਰੇਜ਼ੀ ਦਾ ਉਨ੍ਹਾਂ ਦੀ ਬਹੁ ਗਿਣਤੀ ਅੱਖਰ ਤੱਕ ਨਹੀਂ ਜਾਣਦੀ। ਅਜਿਹਾ ਬੈਠਾ ਸੋਚ ਰਿਹਾ ਸੀ ਕਿ ਦਰਵਾਜ਼ਾ ਖੜਕਇਆ ਤਾਂ ਬਿਜਲੀ ਦਾ ਬਿੱਲ ਦੇਣ ਵਾਲਾ ਭਾਈ ਆ ਗਿਆ ਜਦੋਂ ਮੈਂ ਬਿਲ ਪੜ੍ਹਨ ਲੱਗਿਆ ਉਹ ਅੰਗਰੇਜ਼ੀ ਵਿੱਚ ਸੀ ਕਿਹੜਾ ਟੈਕਸ ਕਿਸ ਲਈ ਲਗਾਇਆ ਕੀ ਮਾਮਲਾ ਹੈ ਕੁੱਝ ਸਮਝ ਨਹੀਂ ਆਇਆ ਮੈਂ ਸੋਚਿਆ ਕਿ ਆਪਣਾ ਬਿਜਲੀ ਦਾ ਬਿੱਲ ਪੰਜਾਬੀ ਵਿੱਚ ਕਿਉਂ ਨਹੀਂ ਹੋਣਾ ਚਾਹੀਦਾ। ਮੈਂ ਤੁਰੰਤ ਕਾਨੂੰਨੀ ਬਾਈ ਮਿੱਤਰ ਸੈਨ ਮੀਤ ਜੀ ਨੂੰ ਫੋਨ ਕਰਕੇ ਪੁੱਛਿਆ ਕਿ ਆਪਣੇ ਬਿਲ ਆਪਣੀ ਮਾਂ ਬੋਲੀ ਵਿੱਚ ਕਿਉਂ ਨਹੀਂ ਆਉਂਦੇ ਕੀ ਇਹ ਕਾਨੂੰਨੀ ਜਾਂ ਗੈਰ ਕਾਨੂੰਨੀ ਕੰਮ ਹੈ? ਉਹ ਕਹਿੰਦੇ ਪੰਜਾਬ ਰਾਜ ਭਾਸ਼ਾ ਤਰਮੀਮ ਐਕਟ 2008 ਬਣਿਆ ਹੋਇਆ ਹੈ ਆਪਣਾ ਬਿਲ ਕੀ ਸਾਰਾ ਸਰਕਾਰੀ ਕੰਮ ਪੰਜਾਬੀ ਵਿੱਚ ਹੋਣਾ ਚਾਹੀਦਾ ਹੈ ਪਰ ਜਨਤਾ ਅੰਨ੍ਹੀ ਤੇ ਬੋਲੀਂ ਹੈ, ਸਰਕਾਰਾਂ ਆਉਂਦੀਆਂ ਹਨ ਜਾਂਦੀਆਂ ਹਨ ਆਪਣੀ ਭਾਸ਼ਾ ਬਾਰੇ ਕੋਈ ਨਹੀਂ ਸੋਚਦਾ। ਮੈਂ ਸੋਚਾਂਗਾ ਕਹਿ ਕੇ ਫੋਨ ਬੰਦ ਕਰ ਦਿੱਤਾ ਮੈਂ ਆਪਣੀ ਮਾਂ ਬੋਲੀ ਬਾਰੇ ਜ਼ਰੂਰ ਸੋਚਾਂਗਾ ਇਹ ਸੋਚਦੇ ਹੋਏ ਮੈਂ ਬਿਲ ਪੰਜਾਬੀ ਵਿੱਚ ਹੋਣ ਸਬੰਧੀ ਨਿਰਦੇਸ਼ਕ ਭਾਸ਼ਾ ਵਿਭਾਗ ਨੂੰ ਚਿੱਠੀ ਲਿਖ ਦਿੱਤੀ, ਅਚਾਨਕ ਪੱਤਰਕਾਰ ਦਾ ਫੋਨ ਆਇਆ ਉਹਨਾਂ ਨੂੰ ਮੈਂ ਬਿਜਲੀ ਦੇ ਬਿਲ ਵਾਰੇ ਲਿਖੀ ਚਿੱਠੀ ਬਾਰੇ ਦੱਸਿਆ ਉਨ੍ਹਾਂ ਨੇ ਮੇਰੀ ਚਿੱਠੀ ਦਾ ਪੂਰਾ ਵੇਰਵਾ ਲਿਆ ਤੇ ਨਿਰਦੇਸ਼ਕ ਭਾਸਾ ਵਿਭਾਗ ਪੰਜਾਬ ਨੂੰ ਫ਼ੋਨ ਕਰਕੇ ਜਾਣਕਾਰੀ ਲਈ ਦੂਸਰੇ ਦਿਨ ਸਿਰਮੌਰ ਪੰਜਾਬੀ ਦੇ ਇੱਕ ਅਖਬਾਰ ਵਿੱਚ ਖ਼ਬਰ ਛਪ ਗਈ। ਕਈ ਸੱਜਣਾਂ ਮਿੱਤਰਾਂ ਦੇ ਫੋਨ ਆਏ ਤੇ ਵਿਚਾਰ ਚਰਚਾ ਹੁੰਦੀ ਰਹੀ ਪਰ ਮਸਲਾ ਸਿਰਫ ਵਧਾਈਆਂ ਤੱਕ ਹੀ ਰਿਹਾ ਕਹਿੰਦੇ ਓਏ ਮਿੱਤਰਾ ਤੂੰ ਮਾਂ ਬੋਲੀ ਪੰਜਾਬੀ ਦੀ ਵਧੀਆ ਸੇਵਾ ਕਰਦਾ ਹੈ, ਤੇ ਬਹੁਤਿਆਂ ਨੇ ਕਿਹਾ ਤੂੰ ਕੀ ਲੈਣਾ ਹੈ




ਲੋਕ ਵਿਦੇਸ਼ਾਂ ਤੱਕ ਪਹੁੰਚ ਗਏ ਤੂੰ ਵਿਦੇਸ਼ਾਂ ਵਿੱਚ ਘੁੰਮ ਕੇ ਵੀ ਦੇਸੀ ਹੀ ਰਿਹਾ ਮੈਂ ਚੁੱਪ ਤਾਂ ਹੋ ਜਾਂਦਾ ਹਾਂ ਪਰ ਸੋਚਦਾ ਹਾਂ ਦੁਨੀਆ ਵਿੱਚ ਮੇਰੀ ਮਾਂ ਨਹੀਂ ਰਹੀ ਪਰ ਮੇਰੀ ਮਾਂ ਦੀ ਬੋਲੀ ਤਾਂ ਹੈ। ਅਚਾਨਕ ਇਕ ਫ਼ੋਨ ਆਇਆ ਉਸਨੇ ਮੇਰੇ ਨਾਲ ਖ਼ਬਰ ਸਬੰਧੀ ਚਰਚਾ ਕੀਤੀ ਤੇ ਦੱਸਿਆ ਕਿ ਅਸੀਂ ਬੜੀ ਮੁਸ਼ਕਿਲ ਨਾਲ ਤੁਹਾਡਾ ਫੋਨ ਨੰਬਰ ਪ੍ਰਾਪਤ ਕੀਤਾ ਹੈ ਪਹਿਲਾਂ ਅਸੀਂ ਅਖ਼ਬਾਰ ਦੇ ਦਫ਼ਤਰ ਤੋਂ ਪੱਤਰਕਾਰ ਦਾ ਫੋਨ ਨੰਬਰ ਪਤਾ ਕੀਤਾ ਫੇਰ ਉਹਨਾਂ ਤੋਂ ਤੁਹਾਡਾ ਫੋਨ ਨੰਬਰ ਲੈ ਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਬੇਟੀ ਤੇ ਬੇਟਾ ਮਾਨਯੋਗ ਹਾਈਕੋਰਟ ਦੇ ਵਕੀਲ ਹਨ ਤੇ ਅਸੀਂ ਵੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਹਾਂ ਮੇਰਾ ਬੇਟਾ ਤੇ ਬੇਟੀ ਚਾਹੁੰਦੇ ਹਨ ਕਿ ਤੁਸੀਂ ਇਹ ਬਿਜਲੀ ਦੇ ਬਿਲ ਪੰਜਾਬੀ ਵਿੱਚ ਕਰਵਾਉਣ ਦਾ ਮਸਲਾ ਸਾਨੂੰ ਦੇਵੋ ਅਸੀਂ ਮਾਨਯੋਗ ਹਾਈਕੋਰਟ ਤੱਕ ਪਹੁੰਚਦਾ ਕਰਾਂਗੇ, ਤੇ ਨਿਆਂ ਮੰਗਾਂਗੇ। ਅੰਨ੍ਹਾ ਕੀ ਭਾਲੇ ਦੋ ਅੱਖਾਂ ਮੈਨੂੰ ਸਹਾਰਾ ਬਹੁਤ ਮਿਲਿਆ ਕਿ ਹਾਲਾਂ ਵੀ ਦੁਨੀਆਂ ਦੇ ਵਿੱਚ ਭਾਸ਼ਾਵਾਂ ਨੂੰ ਪਿਆਰ ਕਰਨ ਵਾਲੇ ਬਹੁਤ ਬੈਠੇ ਹਨ ਮੈਂ ਤੁਰੰਤ ਉਹਨਾਂ ਨੂੰ ਹਾਂ ਕਰ ਦਿੱਤੀ ਤੇ ਕਿਹਾ ਜੋ ਵੀ ਕਾਗਜ ਪੱਤਰਾਂ ਤੇ ਮੇਰੇ ਤੋਂ ਅੰਗੂਠਾ ਲਵਾਉਣਾ ਹੋਵੇਗਾ ਮੈਂ ਤਿਆਰ ਹਾਂ ਪਰ ਜਹਾਜ਼ ਵਿੱਚ ਮੇਰੀ ਲੱਤ ਤੇ ਸੱਟ ਲੱਗ ਗਈ ਸੀ ਮੈਂ ਦੂਰ ਨੇੜੇ ਬਹੁਤਾ ਆ ਜਾ ਨਹੀਂ ਸਕਦਾ ਜਿਸ ਕਾਰਨ ਮੈਂ ਨੌਕਰੀ ਪਹਿਲਾਂ ਛੱਡ ਕੇ ਘਰ ਬੈਠਾ ਹਾਂ ਉਹਨਾਂ ਨੇ ਮੈਨੂੰ ਹੋਰ ਹੌਸਲਾ ਦਿੱਤਾ, ਉਹ ਕਹਿੰਦੇ ਅਸੀਂ ਤੁਹਾਡੇ ਕੋਲ ਚੱਲ ਕੇ ਆਵਾਂਗੇ ਤੁਸੀਂ ਸਿਰਫ ਦਸਤਖ਼ਤ ਕਰਨੇ ਹਨ। ਕਾਗਜ਼ ਤੁਰੰਤ ਬਣੇ ਮਾਮਲਾ ਦਰਜ ਕਰ ਦਿੱਤਾ ਗਿਆ ਇਕ ਹਫਤੇ ਬਾਅਦ ਪੰਜਾਬ ਸਰਕਾਰ ਤੇ ਸਕੱਤਰ ਪਾਵਰਕਾਮ ਕਾਰਪੋਰੇਸ਼ਨ ਨੂੰ ਮਾਨਯੋਗ ਹਾਈਕੋਰਟ ਦੇ ਜੱਜ ਸਾਹਿਬ ਨੇ ਅਦਾਲਤ ਵਿੱਚ ਬੁਲਾਇਆ ਤੇ ਸਾਰੇ ਮਾਮਲੇ ਬਾਰੇ ਦੱਸਿਆ ਤੇ ਇੱਕ ਹਫਤੇ ਬਾਅਦ ਜਵਾਬ ਮੰਗਿਆ, ਤੇ ਹਦਾਇਤ ਕੀਤੀ ਕਿ ਸਭ ਤੋਂ ਪਹਿਲਾਂ ਪੰਜਾਬ ਰਾਜ ਭਾਸ਼ਾ ਤਰਮੀਮ ਐਕਟ 2008 ਪੜ੍ਹ ਲੈਣਾ। ਤਾਰੀਖ ਆਈ ਸਕੱਤਰ ਵਿਭਾਗ ਤੇ ਪਾਵਰ ਕਾਮ ਦੇ ਅਧਿਕਾਰੀਆਂ ਨੇ ਸਾਰੇ ਕਾਗਜ ਪੱਤਰ ਦਾਖਲ ਕਰਕੇ ਇਹ ਕਹਿ ਦਿੱਤਾ ਕਿ ਹੁਣ ਜੋ ਵੀ ਪਾਵਰ ਕਾਮ ਕਾਰਪੋਰੇਸ਼ਨ ਦੇ ਬਿਜਲੀ ਦੇ ਬਿਲ ਆਉਣਗੇ ਉਹ ਪੰਜਾਬੀ ਵਿੱਚ ਹੋਣਗੇ। ਸਾਰਾ ਮਸਲਾ ਤਕਰੀਬਨ ਇਕ ਡੇਢ ਮਹੀਨੇ ਦੇ ਵਿੱਚ ਹੱਲ ਹੋ ਗਿਆ। ਸਾਰੀ ਦੁਨੀਆ ਜਾਣਦੀ ਹੈ ਕਿ ਕਿਸੇ ਤਰ੍ਹਾਂ ਦਾ ਵੀ ਕੋਈ ਮੁਕਦਮਾ ਅਦਾਲਤ ਵਿੱਚ ਖ਼ਾਸ ਤੌਰ ਤੇ ਮਾਨਯੋਗ ਹਾਈਕੋਰਟ ਵਿੱਚ ਜਾਵੇ ਉਹ ਸਾਲਾਂ ਤੱਕ ਅਟਕਿਆ ਰਹਿੰਦਾ ਹੈ ਬਹੁਤ ਵਾਰ ਤਾਂ ਮੁਕੱਦਮਾ ਕਰਨ ਵਾਲੇ ਦੁਨੀਆਂ ਛੱਡ ਜਾਂਦੇ ਹਨ ਮੁਕਦਮਾ ਅਦਾਲਤ ਵਿੱਚ ਉਡੀਕ ਕਰਦਾ ਰਹਿੰਦਾ ਹੈ। ਇਹ ਮਸਲਾ ਹੱਲ ਹੋਣ ਤੋਂ ਬਾਅਦ ਮੈਨੂੰ ਬਹੁਤ ਸਾਰੇ ਅਜਿਹੇ ਸੱਜਣ ਮਿਲੇ ਜੋ ਗੱਲ ਕਰਨ ਤੋਂ ਪਹਿਲਾਂ ਮੈਨੂੰ ਵਧਾਈਆਂ ਦੇਣੀਆਂ ਨਾ ਭੁੱਲਦੇ ਕਿ ਅਸੀਂ ਅਜਿਹੀਆਂ ਸੈਂਕੜੇ ਅਰਜੀਆਂ ਵੱਖ ਵੱਖ ਮਹਿਕਮਿਆਂ ਵਿੱਚ ਦਿੱਤੀਆਂ ਹਨ ਪਰ ਸਾਡਾ ਬਿਜਲੀ ਦਾ ਬਿਲ ਪੰਜਾਬੀ ਵਿੱਚ ਨਾ ਹੋਇਆ। ਮੇਰਾ ਹਰੇਕ ਨੂੰ ਠੋਸ ਜਵਾਬ ਸੀ ਤੇ ਹੈ ਕਿ ਮੇਰਾ ਮਾਮਲਾ ਵੀ ਅਰਜ਼ੀਆਂ ਤੱਕ ਹੀ ਰਹਿ ਜੇ ਕਿਸੇ ਅਖਬਾਰ ਨੇ ਖ਼ਬਰ ਨਾ ਛਪਦੀ। ਮੈਂ ਤਾਂ ਸਿਰਫ ਇੱਕ ਕਦਮ ਉਠਾਇਆ ਸੀ ਅਖਬਾਰ ਨੇ ਉਸ ਨੂੰ ਸੇਧ ਦੇ ਕੇ ਇਨਕਲਾਬੀ ਕਦਮ ਬਣਾ ਦਿੱਤਾ।



**ਰਮੇਸ਼ਵਰ ਸਿੰਘ**
**ਸੰਪਰਕ ਨੰਬਰ-**
**9914880392**

# ਸ਼ੋਸ਼ਲ ਮੀਡੀਆਂ ਦੇ ਜਾਲ ਵਿੱਚ ਫਸਦਾ ਜਾ ਰਿਹਾ ਹੈ ਅਜੌਕਾ ਹਰ ਨੌਜਵਾਨ

ਸ਼ੋਸ਼ਲ ਮੀਡੀਆਂ ਤੋਂ ਭਾਵ ਜਿੱਥੇ ਅਸੀਂ ਆਪਣੇ ਵੱਲੋਂ ਕੁੱਝ ਵੀ ਸ਼ੇਅਰ ਕਰਦੇ ਹਾਂ ਅਤੇ ਉਸ ਤੋਂ ਬਾਅਦ ਅਸੀਂ ਲੋਕਾਂ ਦੀਆਂ ਆਪਣੇ ਦੁਆਰਾ ਪਾਈ ਹੋਈ ਪੋਸਟ ਉੱਪਰ ਪ੍ਰਤੀਕਿਰਿਆਵਾਂ ਦੀ ਉਡੀਕ ਕਰਦੇ ਹਾਂ। ਸਰਵਿਆਂ ਦੇ ਮੁਤਾਬਿਕ ਅੱਜ ਦਾ ਨੌਜਵਾਨ ਤਿੰਨ ਤੋਂ ਚਾਰ ਘੰਟੇ ਆਪਣੇ ਦਿਨ ਦੇ ਸ਼ੋਸ਼ਲ ਮੀਡੀਆਂ ਉੱਪਰ ਬਤੀਤ ਕਰਦਾ ਹੈ। ਜਦੋਂ ਇਹ ਸ਼ੋਸ਼ਲ ਮੀਡੀਆਂ ਦੀਆਂ ਨਵੀਆਂ ਆਈਆਂ ਐਪਸ ਨੇ ਭਾਰਤ ਵਿੱਚ ਦਸਤਕ ਦਿੱਤੀ ਤਾਂ ਲੋਕਾਂ ਨੂੰ ਬਹੁਤ ਵਧੀਆ ਲੱਗਿਆ ਕਿ ਇਹ ਇੱਕ ਬਹੁਤ ਹੀ ਫਾਇਦੇਮੰਦ ਪਲੇਟਫਾਰਮ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਅਸੀਂ ਆਪਣੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਕਿਸੇ ਦੁਆਰਾ ਸ਼ੇਅਰ ਕੀਤੇ ਵਿਚਾਰ ਉੱਤੇ ਟਿੱਪਣੀ ਵੀ ਕਰ ਸਕਦੇ ਹਾਂ। ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਤਾਂ ਇਹਨਾਂ ਐਪਸ ਦੇ ਵਿੱਚ ਨਵੀਆਂ ਵਿਸ਼ੇਸ਼ਤਾਵਾਂ ਜੁੜਦੀਆਂ ਗਈਆਂ, ਜਿਨ੍ਹਾਂ ਦੇ ਨਾਲ ਵੀਡੀਓ ਵਗੈਰਾ ਵੀ ਇਹਨਾਂ ਪਲੇਟਫਾਰਮਾਂ ਦੇ ਉੱਪਰ ਸ਼ੇਅਰ ਕੀਤੀਆਂ ਜਾਣ ਲੱਗੀਆ। ਐਪਸ ਨੇ ਇਹੋ ਜਿਹੀਆਂ ਆਕਰਸ਼ਕ ਵਿਸ਼ੇਸ਼ਤਾਵਾਂ ਇਹਨਾਂ ਦੇ ਅੰਦਰ ਜੋੜੀਆਂ, ਜਿਸ ਦੇ ਨਾਲ ਅਜੌਕੀ ਨੌਜਵਾਨੀ ਇਹਨਾਂ ਦੇ ਜਾਲ ਦੇ ਅੰਦਰ ਬੁਰੀ ਤਰ੍ਹਾਂ ਫਸਦੀ ਗਈ ਅਤੇ ਹੁਣ ਇਹੋ ਜਿਹਾ ਸਮਾਂ ਆ ਚੁੱਕਿਆ ਹੈ ਕਿ ਕਈ ਨੌਜਵਾਨ ਮੁੰਡੇ ਕੁੜੀਆਂ ਨੂੰ ਇਹਨਾਂ ਦੀ ਆਦਤ ਨਸ਼ੇ ਦੇ ਵਾਂਗ ਲੱਗ ਚੁੱਕੀ ਹੈ। ਜੇਕਰ ਉਹ ਇੱਕ ਦਿਨ ਵੀ ਇਹਨਾਂ ਦੀ ਵਰਤੋਂ ਨਾ ਕਰਨ ਤਾਂ ਉਹਨਾਂ ਨੂੰ ਅਜਿਹਾ ਲੱਗਦਾ ਹੈ ਕਿ ਉਹਨਾਂ ਨੇ ਪਤਾ ਨਹੀਂ ਕੀ ਕੀਮਤੀ ਚੀਜ਼ ਗੁਆ ਦਿੱਤੀ। ਇਸ ਦੀ ਜ਼ਿਆਦਾ ਵਰਤੋਂ ਦੇ ਕਾਰਨ ਨੌਜਵਾਨਾਂ ਦੀ ਸੋਚਣ ਸ਼ਕਤੀ ਦਿਨੋ-ਦਿਨ ਖਤਮ ਹੁੰਦੀ ਜਾ ਰਹੀ ਹੈ ਜਾ ਘੱਟਦੀ ਜਾ ਰਹੀ। ਉਹਨਾਂ ਦੇ ਅੰਦਰ ਫੈਸਲਿਆਂ ਨੂੰ ਲੈਣ ਦੀ ਯੋਗਤਾ ਨਹੀਂ ਰਹੀ। ਜਿਆਦਾ ਸਮਾਂ ਸ਼ੋਸ਼ਲ ਮੀਡੀਆ ਪਲੇਟਫਾਰਮ ਤੇ ਬਿਤਾਉਣ ਦੇ ਨਾਲ ਉਹਨਾਂ ਦੀ ਪੜ੍ਹਾਈ ਦਾ ਨੁਕਸਾਨ, ਨਿਗਾ ਦਾ ਨੁਕਸਾਨ ਅਤੇ ਕਈਆਂ ਦੀਆਂ ਤਾਂ ਧੌਣਾ ਵਿੱਚ ਟੇਡਾਪਣ ਆ ਰਿਹਾ ਹੈ। ਜੇਕਰ ਇਹ ਸਭ ਇਸ ਤਰ੍ਹਾਂ ਦੀ ਚਲਦਾ ਰਿਹਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਸਾਡੇ ਦੇਸ਼ ਦੀ ਨੌਜਵਾਨੀ ਦਾ ਦਿਮਾਗ ਖੋਖਲਾ ਹੋ ਚੁੱਕਿਆ ਹੋਵੇਗਾਂ ਅਤੇ ਉਹਨਾਂ ਦੀ ਸਿਹਤ ਨੂੰ ਦੁਬਾਰਾ ਪਹਿਲੀ ਹਾਲਤ ਵਿੱਚ ਲਿਆਉਣਾ ਮੁਸ਼ਕਿਲ ਹੋ ਜਾਵੇਗਾ। ਜੇ ਜਵਾਨੀ ਹੀ ਨਾ ਬਚੀ ਤਾਂ ਸਾਡਾ ਸਮਾਜ ਅਤੇ ਦੇਸ਼ ਕਿੱਥੋਂ ਤਰੱਕੀ ਕਰ ਲਵੇਗਾ। ਸੋ ਸਮੇਂ ਦੀ ਲੋੜ ਹੈ ਕਿ ਨੌਜਵਾਨਾਂ ਨੂੰ ਸ਼ੋਸ਼ਲ ਮੀਡੀਆ ਦੀ ਲੱਗ ਚੁੱਕੀ ਬਿਮਾਰੀ ਤੋਂ ਨਿਜਾਤ ਦਿਵਾਉਣ ਲਈ ਜਾਗਰੂਕ ਕਰਨ ਦੀ। ਸਕੂਲਾਂ-ਕਾਲਜਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਸ਼ੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਬਾਰੇ ਸਮੇਂ ਸਮੇਂ ਤੇ ਜਾਗਰੂਕਤਾ ਕੈਂਪ ਲਾਉਣ ਦੀ ਲੋੜ ਹੈ ਤਾਂ ਜੋ ਨੌਜਵਾਨਾਂ ਨੂੰ ਇਸ ਜਾਲ ਵਿੱਚੋਂ ਕੱਢਿਆ ਜਾ ਸਕੇ।



**ਬਲਜੀਤ ਸਿੰਘ ਕਚੂਰਾ**
**ਮਮਦੋਟ, ਜਿਲ੍ਹਾ ਫਿਰੋਜਪੁਰ।**
**ਮੋ. ਨੰ. 9465405597**

# ਗਿੱਧਾ ਗਿੱਧਾ ਕਰੇਂ ਮੇਲਣੇਂ

ਭਾਵੇਂ ਵਿਆਹ ਹੋਵੇ ਜਾਂ ਕੋਈ ਹੋਰ ਖੁਸ਼ੀ ਦਾ ਮੌਕਾ ਪੁਰਾਣੇ ਸਮਿਆਂ ਵਿੱਚ ਗਿੱਧੇ ਦੀ ਸਰਦਾਰੀ ਹੁੰਦੀ ਸੀ, ਪਿੜ ਚ ਇੱਕਠੀਆਂ ਹੋਈਆਂ ਔਰਤਾਂ ਨੇ ਜਿੱਦ ਜਿੱਦ ਬੋਲੀਆਂ ਪਾਉਣੀਆਂ ਅਤੇ ਖੂਬ ਅਨੰਦ ਮਾਨਣਾ
ਜਦੋਂ ਕਦੇ ਗਿੱਧਾ ਸ਼ੁਰੂ ਹੋਣਾ ਤਾਂ ਮੇਲਣਾਂ ਨੂੰ ਚਾਅ ਚੜ੍ਹ ਜਾਂਦਾ ਸੀ
ਓਹਨਾਂ ਲੋਰ ਵਿੱਚ ਬੋਲੀ ਪਾਉਣੀ
" ਗਿੱਧਾ ਗਿੱਧਾ ਕਰੇਂ ਮੇਲਣੇਂ
ਗਿੱਧਾ ਪਊ ਬਥੇਰਾ...
ਨੀ ਚਾਰ ਚੁਫੇਰੇ ਲੋਕੀਂ ਆ ਗਏ
ਭਰਿਆ ਪਿਆ ਬਨੇਰਾ...
ਮੋਰਨੀਂ ਬਣਕੇ ਨੀ ਦੇਦੇ ਸ਼ੌਕ ਦਾ ਗੇੜਾ
ਮੋਰਨੀਂ ਬਣਕੇ ਨੀ....
ਅਜਿਹੀਆਂ ਕਿੰਨੀਆਂ ਹੀ ਬੋਲੀਆਂ ਨਾਲ ਮੇਲ਼ ਗੇਲ ਚਿੱਤ ਪਰਚਾਵਾ ਕਰਦਾ ਅਤੇ ਨਾਨਕੇ ਦਾਦਕੇ ਬੋਲੀਆਂ ਵਿੱਚ ਹੀ ਇੱਕ ਦੂਜੇ ਨੂੰ ਖੱਟੇ ਮਿੱਠੇ ਤਾਹਨੇ ਮਿਹਣੇ ਦਿੰਦੇ ਅਤੇ ਕੋਈ ਇੱਕ ਦੂਜੇ ਦੀ ਬੋਲੀ ਦਾ ਭੋਰਾ ਗੁੱਸਾ ਨਾ ਕਰਦਾ ਸਗੋਂ ਪਿੜ ਚ ਖੜੀਆਂ ਬੁਜੁਰਗ ਬੀਬੀਆਂ ਅਤੇ ਮੁੰਡੇ ਕੁੜੀਆਂ ਬੋਲੀ ਨੂੰ ਹੋਰ ਸਿਖਰਾਂ ਤੱਕ ਲਿਜਾਣ ਲਈ ਆਖਦੀਆਂ ਚੱਕਲੋ!!! ਤੇ ਬੋਲੀ ਪਾਉਣ ਵਾਲੇ ਨੂੰ ਹੋਰ ਲੋਰ ਚੜ੍ਹ ਜਾਂਦੀ,,
ਬਹੁਤੇ ਵਾਧੂ ਦੇ ਦਿਖਾਵੇ ਤੋਂ ਬਿਨਾਂ ਵੀ ਜਿੰਦਗੀ ਚ ਭਰਪੂਰ ਰਸ ਹੁੰਦਾ ਸੀ
ਪਰ ਹੁਣ ਜਦੋਂ ਦਾ ਵਿਆਹ ਵਿੱਚ ਆਹ ਡੀਜੇ ਨਾਂ ਦਾ ਰੌਲਾ ਪਾਉਣ ਵਾਲਾ ਯੰਤਰ ਆਇਆ ਇਸਨੇ ਬੋਲੀਆਂ ਅਤੇ ਗਿੱਧਾ ਅਲੋਪ ਕਰ ਦਿੱਤਾ ਹੈ ਹੁਣ ਨਾ ਤਾਂ ਕੋਈ ਉੱਚੀ ਬਾਂਹ ਕੱਢ ਬੋਲੀਆਂ ਪਾਉਂਦੈ ਤੇ ਨਾ ਅੱਡੀ ਮਾਰਕੇ ਗਿੱਧਾ ਹੁਣ ਬਸ ਇਸਦੇ ਰੌਲੇ ਵਿਚ ਸਾਰੇ ਏਦਾਂ ਨੱਚਦੇ ਜਿਵੇਂ ਕਿਸੇ ਨੂੰ ਕੋਈ ਮਜਾ ਨਹੀਂ ਬਸ ਫੋਕੀ ਟੌਹਰ ਲਈ ਟੱਪੀ ਜਾਂਦੇ ਹੋਣ, ਹੱਥਾਂ ਨਾਲ ਜੋਰ ਦੀ ਤਾੜੀ ਮਾਰ ਗਿੱਧਾ ਪਾਉਣਾ ਹੁਣ ਅਲੋਪ ਹੋਣ ਦੇ ਕੰਢੇ ਹੈ, ਕੁਝ ਕੂ ਲੋਕ ਹਲੇ ਵੀ ਹਨ ਜਿਹੜੇ ਘਰਾਂ ਚ ਵਿਆਹ ਮੌਕੇ ਗਿੱਧਾ ਭੰਗੜਾ ਪਾਉਂਦੇ ਹਨ, ਪਰ ਜ਼ਿਆਦਾਤਰ ਲੋਕ ਹੁਣ ਡੀ ਜੇ ਨੂੰ ਪਹਿਲ ਦਿੰਦੇ ਹਨ ਹੋਰ ਤਾਂ ਹੋਰ ਅੱਜ ਕੱਲ ਗਿੱਧਾ ਭੰਗੜਾ ਪਾਉਣ ਲਈ ਵੀ ਬਾਹਰੋਂ ਟੀਮ ਨੂੰ ਬੁੱਕ ਕੀਤਾ ਜਾਂਦਾ ਹੈ ਜੋ ਵਿਆਹ, ਮੰਗਣੇ, ਆਦਿ ਖੁਸ਼ੀ ਦੇ ਸਮਾਗਮਾਂ ਤੇ ਨੱਚ ਟੱਪ ਕੇ ਸਾਡਾ ਮਨੋਰੰਜਨ ਕਰਦੇ ਹਨ ਪੈਲਸਾਂ ਵਿੱਚ ਇਹ ਭੰਗੜੇ ਵਾਲੇ ਗਰੁੱਪ ਆਪਾਂ ਆਮ ਹੀ ਦੇਖਦੇ ਹਾਂ ਬਾਕੀ ਸਾਰੇ ਪਰਿਵਾਰ ਦੇ ਜੀਅ ਬੈਠਕੇ ਇਹਨਾਂ ਨੂੰ ਵੇਖਦੇ ਹਨ ਤੇ ਇਹ ਸਟੇਜ਼ ਤੇ ਸਾਡੇ ਮੂਹਰੇ ਨੱਚਦੇ ਹਨ, ਹੁਣ ਓਹ ਵੇਲੇ ਨਹੀਂ ਰਹੇ ਜਦੋਂ ਵਿਆਹ ਵਾਲੇ ਘਰੇ ਨਾਨਕਾ ਦਾਦਕਾ ਮੇਲ਼ ਆਉਣਾ ਤਾਂ ਮਾਸੀਆਂ, ਮਾਮੀਆਂ ਨੇ ਪਿੰਡ ਚ ਵੜ੍ਹਨ ਸਾਰ ਹੀ ਦੂਰੋਂ ਉੱਚੀ ਸਾਰੀ ਹੇਕ ਲਾਕੇ ਗੀਤ ਗਾਉਣੇ ਸ਼ੁਰੂ ਕਰ ਦੇਣੇ ਅਤੇ ਆਂਡ ਗੁਆਂਢ ਨੇ ਵੀ ਚਾਵਾਂ ਨਾਲ ਆਖਣਾ "ਬਈ ਆਹ ਲੰਮੀ ਸਾਰੀ ਹੇਕ ਤਾਂ ਮੁੰਡੇ ਦੀ ਮਾਮੀ ਦੀ ਹੈ ਜਾਂ ਮਾਸੀ ਦੀ" ਜਦੋਂ ਵਿਆਹ ਵਾਲੇ ਘਰ ਮੇਲ਼ ਨੇ ਏਦਾਂ ਗੀਤ ਗਾਉਂਦੇ ਪਹੁੰਚਣਾ ਤਾਂ ਅੱਗਿਓਂ ਓਸ ਘਰ ਦੀਆਂ ਔਰਤਾਂ ਨੇ ਵੀ ਨਾਲ਼ ਰਲ਼ਕੇ ਉੱਚੀ ਹੇਕ ਨਾਲ ਆਪਣਾ ਬੋਲ ਰਲਾਉਣਾ ਅਤੇ ਓਹਨਾਂ ਨੂੰ ਵੇਖ ਸਾਰਿਆਂ ਨੂੰ ਚਾਅ ਚੜ੍ਹ ਜਾਂਦਾ ਸੀ, ਚਾਵਾਂ ਸ਼ਗਨਾਂ ਨਾਲ਼ ਮੇਲ਼ ਨੂੰ ਬਿਠਾਇਆ ਜਾਂਦਾ ਅਤੇ ਫੇਰ ਚਾਹ ਪਾਣੀ ਪੀਂਦਿਆਂ ਵੀ ਲੋਕ ਗੀਤਾਂ ਦੀ ਉੱਚੀ ਹੇਕ ਗੂੰਜਦੀ ਰਹਿੰਦੀ, ਘਰ ਦਾ ਸਾਰਾ ਮਹੌਲ ਮੇਲੇ ਵਰਗਾ ਜਾਪਦਾ ਸੀ, ਕੁਆਰੀਆਂ ਕੁੜੀਆਂ ਨੇ ਵਿਆਹ ਦੇ ਚਾਅ ਚ ਕੰਮ ਕਰਦਿਆਂ ਹੋਇਆਂ ਵੀ ਕਈ ਵਾਰ ਗਿੱਧਾ ਪਾਉਣ ਲੱਗ ਜਾਣਾ ਤੇ ਖੂਬ ਹਾਸੇ ਠੱਠੇ ਕਰਨੇ, ਘਰ ਦੇ ਬੁਜ਼ੁਰਗ ਦੱਸਦੇ ਸਨ ਕਿ ਜਦੋਂ ਕੁੜੀਆਂ, ਅਤੇ ਘਰ ਦੀਆਂ ਵਹੁਟੀਆਂ ਨੇ ਖੂਹ ਤੇ ਪਾਣੀ ਭਰਨ ਜਾਣਾ ਤਾਂ ਕਈ ਵਾਰ ਇੰਨੀ ਲੋਰ ਚੜ੍ਹਨੀ ਕੇ ਖੂਹ ਤੇ ਹੀ ਬਿਨਾਂ ਗੱਲੋਂ ਗਿੱਧਾ ਪਾਉਣ ਲੱਗ ਜਾਣਾ ਉਦੋਂ ਖੁਸ਼ ਹੋਣ ਲਈ ਬਹਾਨਾ ਨਹੀਂ ਬਸ ਮੌਕਾ ਲੱਭਿਆ ਜਾਂਦਾ ਸੀ ਜਿੱਥੇ ਵੀ ਚਾਰ ਸੁਆਣੀਆਂ ਨੇ ਰਲ਼ ਬੈਠਣਾ ਉੱਥੇ ਦੁੱਖ ਸੁੱਖ ਸਾਂਝੇ ਕਰ ਦਿਲ ਦਾ ਭਾਰ ਹੌਲ਼ਾ ਕਰ ਲੈਣਾ
ਪਹਿਲਾ ਲੋਕ ਦੂਜੇ ਦਾ ਦੁੱਖ ਸੁਣਕੇ ਲੋੜੀਂਦੇ ਹੱਲ ਲੱਭਦੇ ਤੇ ਦੂਜੇ ਨੇ ਦਿਲਾਸਾ ਦਿੰਦੇ ਪਰ ਅੱਜਕਲ ਲੋਕ ਦੂਜੇ ਦਾ ਦੁੱਖ ਸੁਣਕੇ ਖਿੱਲੀ ਉਡਾਉਣ ਲਈ ਮੌਕਾ ਤਾੜਦੇ ਹਨ ਤੇ ਰੱਜ ਕੇ ਮਜਾਕ ਉਡਾਉਂਦੇ ਹਨ, ਪਹਿਲਾਂ ਗਿੱਧੇ ਨਾਲ ਪਾਈਆਂ ਜਾਣ ਵਾਲੀਆਂ ਬੋਲੀਆਂ ਵਿੱਚ ਬਹੁਤ ਅਪਣਤ ਹੁੰਦੀ ਸੀ ਤਾਹੀਂ ਗਿੱਧਾ ਬੋਲੀਆਂ ਵਿਆਹਾਂ ਦੀ ਸ਼ਾਨ ਸਨ
ਬੋਲੀਆਂ ਪਾਉਂਦੀਆਂ ਵਹੁਟੀਆਂ ਆਪਣੇ ਪੇਕੇ ਘਰ ਨੂੰ ਸੰਬੋਧਨ ਕਰਕੇ ਵੀ ਬੋਲੀ ਪਾਉਣੀ ਜਿਵੇਂ
" ਹੱਟੀਆਂ ਤੇ ਲਾਲ ਗਿਰੀ
ਫੋਟੋ ਭੇਜ ਵੀਰਨਾਂ
ਤੇਰੀ ਰੱਖਾਂ ਮੈਂ ਯਾਦਗਿਰੀ...
ਅਤੇ ਫੇਰ ਆਪ ਹੀ ਇਸਦਾ ਜਵਾਬ ਵੀ ਦੇਣਾਂ
" ਦੋ ਗਿਰੀਆਂ ਬਦਾਮ ਦੀਆਂ
ਫੋਟੋ ਨਾਲ ਕੀ ਬਣਦਾ
ਗੱਲਾਂ ਕਰੀਏ ਜ਼ੁਬਾਨ ਦੀਆਂ....
ਇਸ ਬੋਲੀ ਰਾਹੀਂ ਇੰਝ ਜਾਪਦੈ ਜਿਵੇਂ ਸਹੁਰੇ ਘਰ ਬੈਠਿਆਂ ਹੀ ਇੱਕ ਭੈਣ ਨੇ ਬੋਲੀ ਰਾਹੀਂ ਸੁਨੇਹਾਂ ਵੀਰ ਨੂੰ ਦਿੱਤਾ ਹੋਵੇ ਤੇ ਪੇਕਿਆਂ ਦੀ ਖੈਰ ਸੁੱਖ ਮੰਗੀ ਹੋਵੇ,
ਅਤੇ ਕਈ ਵਾਰ ਮੇਲ਼ ਚੋਂ ਕਿਸੇ ਨੇ ਬੋਲੀ ਪਾਉਣੀ
'ਮਾਮੀ ਆਈ ਕੀ ਕੁਝ ਲਿਆਈ
ਮਾਮੀ ਆਈ ਕੀ ਕੁਝ ਲਿਆਈ"
ਲਿਆਈ ਬੋਕ ਦੀਆਂ ਟੰਗਾਂ
ਨੀ ਵਿੱਚ ਸ਼ਰੀਕੇ ਦੇ ਭੋਰਾ ਭੋਰਾ ਵੰਡਾਂ
ਨੀ ਵਿੱਚ ਸ਼ਰੀਕੇ ਦੇ.....
ਜਾਗੋ ਚੁੱਕੀ ਮਾਮੀ ਨੂੰ ਇਹੋ ਜਿਹੀਆਂ ਬੋਲੀਆਂ ਪਾਕੇ ਛੇੜਿਆ ਜਾਂਦਾ ਤੇ ਮਾਮੀ ਨੇ ਵੀ ਖਿੜ ਖਿੜ ਹੱਸੀ ਜਾਣਾ...
ਕੋਈ ਗੁੱਸਾ ਗਿਲਾ ਨਹੀਂ ਹੁੰਦਾ ਸੀ
ਸਗੋਂ ਹੋਰ ਵਧੇਰੇ ਰੌਣਕਾਂ ਲੱਗਦੀਆਂ ਸੀ
ਪਰ ਅੱਜਕਲ ਲੋਕ ਮਾੜੀ ਜਿਹੀ ਗੱਲ ਨੂੰ ਪਹਾੜ ਬਣਾ ਲੈਂਦੇ ਹਨ ਖਾਸਕਰ ਖੁਸ਼ੀ ਵਿਆਹ ਦੇ ਮੌਕਿਆਂ ਤੇ ਲੋਕ ਵੈਰ ਕੱਢਦੇ ਹਨ ਤੇ ਜਿਦਾਂ ਪੁਗਾਉਂਦੇ ਹਨ,,
ਦਿਓਰ ਭਰਜਾਈ ਦੇ ਪਿਆਰੇ ਰਿਸ਼ਤੇ ਲਈ ਵੀ ਬੋਲੀਆਂ ਪਾਈਆਂ ਜਾਂਦੀਆਂ ਜਿਵੇਂ
"ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਵਿੱਚ ਪਾ ਕਲਮੀਂ ਸ਼ੋਰਾ
ਵਿੱਚ ਭਰਜਾਈਆਂ ਦੇ ਬੋਲ ਕਲਹਿਰੀਆ ਮੋਰਾ
ਹੋ ਵਿਚ ਭਰਜਾਈਆਂ ਦੇ....
ਨਣਦ ਭਾਬੀ ਦੇ ਰਿਸ਼ਤੇ ਨੂੰ ਢੁੱਕਦੀਆਂ ਬੋਲੀਆਂ ਗਿੱਧੇ ਚ ਖੂਬ ਰੌਣਕ ਲਾਉਂਦੀਆਂ ਜਿਵੇਂ
ਜਾਨ ਤੋ ਪਿਆਰੀ ਮੈਨੂੰ ਤੂੰ ਏ ਨੀ ਨਣਦੇ
ਸਾਹਾਂ ਤੋਂ ਪਿਆਰਾ ਤੇਰਾ ਵੀਰ...
ਨੀ ਜਦ ਗੱਲਾਂ ਕਰਦਾ
ਦੰਦਾਂ ਦਾ ਹੱਸਦਾ ਪੀੜ੍ਹ....
ਜਾਨ ਤੋ ਪਿਆਰੀ ਮੈਨੂੰ ਤੂੰ ਏ ਨਣਦੇ
ਸਾਹਾਂ ਤੋਂ ਪਿਆਰਾ ਤੇਰਾ ਵੀਰ
ਨੀ ਜਦ ਗਾਲ੍ਹਾਂ ਕੱਢਦਾ
ਅੱਖਾਂ ਚੋਂ ਵੱਗਦਾ ਨੀਰ....
ਇਹ ਬੋਲੀਆਂ ਗਿੱਧੇ ਨੂੰ ਚਾਰ ਚੰਨ ਲਾ ਦਿੰਦੀਆਂ ਸਨ
ਪਰ ਹੁਣ ਇਹ ਸਾਰੇ ਹਾਸੇ ਠੱਠੇ ਲੋਕ ਗੀਤ, ਬੋਲੀਆਂ, ਸਿੱਠਣੀਆਂ, ਛੰਦ ਜਿਵੇਂ ਅਲੋਪ ਹੋ ਗਏ ਹਨ
ਹੁਣ ਲੋਕ ਗੀਤਾਂ ਦੀ ਉੱਚੀ ਹੇਕ ਨਹੀਂ ਸੁਣਦੀ,
ਬੋਲੀਆਂ ਰਾਹੀਂ ਦਿੱਤੇ ਜਾਣ ਵਾਲੇ ਖੱਟੇ ਮਿੱਠੇ ਤਾਹਨੇ ਮਿਹਣੇ ਨਹੀਂ ਸੁਣਦੇ
ਪਿੜ ਚ ਗਿੱਧੇ ਦੀ ਧਮਾਲ ਨਹੀਂ ਗੂੰਜਦੀ
ਹੁਣ ਆਂਡ ਗੁਆਂਢ ਚ ਅੱਡੀ ਦੀ ਧਮਕ ਨਹੀਂ ਬਲਕਿ ਡੀ ਜੇ ਦਾ ਰੌਲ਼ਾ ਸੁਣਦਾ ਹੈ
ਹੁਣ ਗਿੱਧੇ ਚ ਨਣਦ ਭਾਬੀ ਦੀ ਕਿੱਕਲੀ ਨਹੀਂ ਪੈਂਦੀ, ਹੁਣ ਫੁੱਫੜ ਬਿਨਾਂ ਗਲੋਂ ਲਲਕਾਰੇ ਨਹੀਂ ਮਾਰਦਾ, ਹੁਣ ਕੁੜੀਆਂ ਲੱਡੂ ਖਾਂਦੇ ਖਾਂਦੇ ਗਿੱਧਾ ਨਹੀਂ ਪਾਉਂਦੀਆਂ ਹੁਣ ਖੂਹ ਤੇ ਸੁਆਣੀਆਂ ਵੱਲੋਂ ਸ਼ੌਕ ਦਾ ਗੇੜਾ ਨਹੀਂ ਦਿੱਤਾ ਜਾਂਦਾ, ਹੁਣ ਦਿਓਰ ਭਾਬੀਆਂ ਜਿੱਦ ਜਿੱਦ ਬੋਲੀਆਂ ਨਹੀਂ ਪਾਉਂਦੇ, ਹੁਣ ਆਂਡ ਗੁਆਂਢ ਕੋਠਿਆਂ ਦੇ ਚੜ੍ਹ ਚੜ੍ਹ ਮੇਲਣਾਂ ਦਾ ਗਿੱਧਾ ਨਹੀਂ ਵੇਖਦਾ ਕਿਉਂਕਿ ਹੁਣ ਨਾਨਕਾ ਦਾਦਕਾ ਮੇਲ਼ ਚਾਵਾਂ ਨਾਲ ਗਿੱਧਾ ਨਹੀਂ ਪਾਉਂਦਾ।



**ਅਮਨਦੀਪ ਕੌਰ ਹਾਕਮ ਸਿੰਘ ਵਾਲਾ ਬਠਿੰਡਾ**
**9877654596**

# ਅੱਗ ਤੋਂ ਜੋਤ ਅਤੇ ਜੋਤ ਤੋਂ ਚਾਨਣ ਦਾ ਮੁਸਾਫ਼ਿਰ ਜਗਜੀਤ ਭੁਟਾਲ

ਉਸਨੂੰ ਘੜੀ ਦੀਆਂ ਸੂਈਆਂ ਵਾਂਗ 360 ਡਿਗਰੀ ਦੇ ਕੋਣ ਤੇ ਗੋਲ ਗੋਲ ਘੁੰਮਣ ਦੀ ਆਦਤ ਨਹੀਂ। ਜਿਵੇਂ ਘੰਟਾ ਘਰ ਦੀਆਂ ਸੂਈਆਂ ਘੁੰਮਦੀਆਂ ਹਨ। ਉਹ ਜਿਉਮੈਟਰੀ ਦੇ ਪਿਤਾਮਾ ਜਿਉਕਲਿਡ ਦੀ ਸਰਲ ਰੇਖਾ ਵਾਂਗੂੰ ਕੰਡਿਆਲੇ ਰਾਹਾਂ ਅਤੇ ਬਿਖੜੇ ਪੈਂਡਿਆਂ ਦੇ ਲੰਮੇ ਸਫ਼ਰ ਦਾ ਮੁਸਾਫ਼ਿਰ ਬਣ ਕੇ ਚੱਲਣ ਵਿੱਚ ਯਕੀਨ ਰੱਖਦਾ ਹੈ। ਉਹ ਨਾ ਪੋਹ ਦੀਆਂ ਸਰਦ ਰਾਤਾਂ ਦੇਖਦਾ ਹੈ ਅਤੇ ਨਾ ਹੀ ਜੇਠ ਹਾੜ੍ਹ ਦੀਆਂ ਤਿੱਖੜ ਦੁਪਹਿਰਾਂ। ਉਸਨੂੰ ਸਾਗਰ ਦੇ ਕਿਨਾਰਿਆਂ ਤੇ ਵੀ ਤੁਰਨਾ ਪਸੰਦ ਨਹੀਂ । ਸ਼ੁਰੂ ਤੋਂ ਹੀ ਉਸਦਾ ਮੋਹ ਸਦਾ ਸਾਗਰ ਚੋ ਉੱਠਦੀਆਂ ਛੱਲਾਂ ਤੇ ਲਹਿਰਾਂ ਨਾਲ ਰਿਹਾ ਹੈ। ਕਿਉਂਕਿ ਉਹ ਉਹਨਾਂ ਲੋਕਾਂ ਦੇ ਕਾਫਲੇ ਦਾ ਆਗੂ ਰਿਹਾ ਜੋ ਹਮੇਸ਼ਾ ਸਕੂਨ ਨਾਲ ਸੰਗਰਾਮੀ ਲਹਿਰਾਂ ਦੇ ਸਿਧਾਂਤਕ ਸਫ਼ਰ ਤੇ ਰਹੇ। ਸੂਖਮ ਜਜ਼ਬਿਆਂ ਅਤੇ ਅਹਿਸਾਸਾਂ ਵਾਲਾ ਇਹ ਨਿੱਧੜਕ ਜਰਨੈਲ ਜ਼ਦੋਂ ਆਪਣੀ ਪ੍ਰਤਿਭਾ ਤੇ ਪ੍ਰਤੀਬੱਧਤਾ ਨਾਲ ਮਾਰਕਸੀ ਤੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਦਾ ਹੈ ਤਾਂ ਮਾਣਮੱਤੇ ਤੇ ਜੇਤੂ ਅਹਿਸਾਸ ਨਾਲ ਅੱਗੇ ਵੱਧਦਾ ਹੈ। ਕਿਉਂਕਿ ਉਸਨੂੰ ਜਵਾਨੀ ਵੇਲੇ ਇਨਕਲਾਬ ਨਾਲ ਇਸ਼ਕ ਹੁੰਦਾ ਸੀ ਝੱਲਿਆਂ ਵਾਂਗ ਤੁਰੇ ਰਹਿਣ ਦਾ। ਜਦੋਂ ਉਸਦਾ ਹੋਰ ਉੱਚਾ ਉੱਡਣ ਦਾ ਮਨ ਕਰਦਾ ਹੈ ਫਿਰ ਉਕਾਬ ਤੋਂ ਘੱਟ ਉਡਾਨ ਨਹੀਂ ਭਰਦਾ। ਉਸਨੂੰ ਰੀਂਘਦੀ ਹੋਈ ਜ਼ਿੰਦਗੀ ਨਾਲ ਕਦੇ ਪਿਆਰ ਨਹੀਂ ਰਿਹਾ ਤੇ ਜ਼ਿੰਦਗੀ ਤੋਂ ਹਾਰੇ ਤੇ ਚੁੱਪ ਬੈਠੇ ਲੋਕਾਂ ਨਾਲ ਕਦੇ ਨਫ਼ਰਤ ਨਹੀਂ। ਆਪਣੇ ਲੋਕਾਂ ਦੀ ਖਾਤਰ ਮਿੱਟੀ ਨਾਲ ਮਿੱਟੀ ਹੋਇਆ ਇਹ ਵਕਤ ਦਾ ਮੁਸਾਫ਼ਿਰ ਜਦੋਂ ਘਰ ਪਰਤਦਾ ਹੈ ਤਾਂ ਤਰਕਾਲਾਂ ਵੀ ਸ਼ਾਨ ਨਾਲ ਸਿਰ ਝੁਕਾ ਕੇ ਸਵਾਗਤ ਕਰਦੀਆਂ ਹਨ। ਅੱਜ ਵੀ ਉਸਦੀ ਹਰ ਸਵੇਰ ਮੁਸ਼ਕਿਲਾਂ 'ਚ ਘਿਰੇ ਹੋਏ ਲੋਕਾਂ ਦੇ ਹਾਉਕੇ ਤੋਂ ਸ਼ੁਰੂ ਹੁੰਦੀ ਹੈ। ਆਪਣੇ ਜੀਵਨ ਦੇ ਲੰਮੇਰੇ ਸਫ਼ਰ ਵਿੱਚ ਉਹ ਕਦੇ ਵੀ ਨਿਰਣਿਆਂ ਅਤੇ ਨਿਸ਼ਾਨਿਆਂ ਤੋਂ ਨਹੀਂ ਥਿੜਕਿਆ। ਪਿੰਡ ਦੀਆਂ ਸੱਥਾਂ , ਥਾਣੇ , ਕਚਹਿਰੀਆਂ ਵਿੱਚ ਜਦੋਂ ਕਿਸੇ ਵਿਅਕਤੀ ਨਾਲ ਧੱਕੇਸ਼ਾਹੀ ਹੁੰਦੀ ਹਿੱਕ ਠੋਕ ਕੇ ਉਹਨਾਂ ਨਾਲ ਮੂਹਰਲੀਆਂ ਸਫ਼ਾਂ ਵਿੱਚ ਹਾਜ਼ਰ ਹੁੰਦਾ। ਨਾ ਉਹਨੂੰ ਫੇਰ ਗ੍ਰਿਫਤਾਰ ਹੋਣ ਦਾ ਡਰ ਹੁੰਦਾ ਨਾ ਹੀ ਜੇਲ੍ਹ ਜਾਣ ਦਾ। ਕਿਸੇ ਵੀ ਸੰਘਰਸ਼ ਵੇਲੇ ਉਹਦਾ ਸੰਬੋਧਨੀ ਵਾਕ ਹਵਾ ਵਾਂਗੂੰ ਸਰਸਰਾ ਕੇ ਨਹੀਂ ਲੰਘਿਆ ਹਮੇਸ਼ਾ ਰਾਜਸੀ ਪਾਰਟੀਆਂ ਨੂੰ ਕੰਬਣੀ ਛੇੜਦਾ ਰਿਹਾ ਹੈ। ਆਪਣੇ ਵਿਚਾਰਾਂ ਨਾਲ ਉਸਨੇ ਲੋਕਾਂ ਦੇ ਦੁੱਖ ਦਰਦ ਨੂੰ ਜ਼ਬਾਨ ਦਿੱਤੀ। ਉਸਨੇ ਆਪਣੀ ਪ੍ਰਤੀਬੱਧਤਾ ਲੋਕਾਈ ਨਾਲ ਅਤੇ ਲੋਕਾਈ ਪੱਖੀ ਵਿਚਾਰਧਾਰਾ ਨਾਲ ਸੁਹਿਰਦਤਾ ਅਤੇ ਇਮਾਨਦਾਰੀ ਨਾਲ ਨਿਭਾਈ ਅਤੇ ਨਿਭਾਉਂਦਾ ਆ ਰਿਹਾ ਹੈ। ਆਪਣੇ ਸਰੋਕਾਰਾਂ ਨੂੰ ਪ੍ਰਮੁੱਖਤਾ ਨਾਲ ਅੱਗੇ ਰੱਖਦਿਆਂ ਉਹ ਬੜੀ ਸ਼ਿੱਦਤ ਨਾਲ ਸੱਤਾ ਨਾਲ ਸੰਵਾਦ ਰਚਾਉਂਦਾ ਰਿਹਾ। ਜਦੋਂ ਉਹ ਪੇਂਡੂ ਕਿਸਾਨੀ ਦੇ ਬੈਂਕ ਖਾਤਿਆਂ ਦੀਆਂ ਕਾਪੀਆਂ ਦੇ ਕਰਜ਼ ਹੇਠ ਦਬਿਆ, ਸਹਿਮਿਆ ਤੇ ਸੁੰਗੜਿਆ ਭਵਿੱਖ ਦੇਖਦਾ ਤਾਂ ਉਸਦਾ ਹਿਰਦਾ ਵਲੂੰਧਰਿਆ ਜਾਂਦਾ। ਲੋਕ ਮਸਲੇ ਉਭਾਰਨ ਲਈ ਉਹ ਕਦੇ ਪਿੱਛੇ ਨਹੀਂ ਹਟਿਆ। ਇਹ ਹੈ ਸਾਡੇ ਇਲਾਕੇ ਦੀ ਪਹਿਚਾਣ ਅਤੇ ਮਹਾਨ ਸ਼ਖ਼ਸੀਅਤ ਜਗਜੀਤ ਭੁਟਾਲ।

ਜਗਜੀਤ ਭੁਟਾਲ ਦਾ ਜਨਮ 28 - 08 - 1954 ਨੂੰ ਮਾਤਾ ਸ਼੍ਰੀਮਤੀ ਪ੍ਰਮੇਸ਼ਰੀ ਦੇਵੀ ਦੀ ਕੁੱਖੋਂ ਪਿਤਾ ਸ਼੍ਰੀ ਰਾਜਾ ਰਾਮ ਦੇ ਘਰ ਪਿੰਡ ਭੁਟਾਲ ਕਲਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਮਾਤਾ ਸ਼੍ਰੀਮਤੀ ਚੰਨਣ ਦੇਵੀ ਦੇ ਬਹੁਤ ਸੁਚੱਜੇ ਢੰਗ ਨਾਲ ਉਹਨਾਂ ਦਾ ਪਾਲਣ ਪੋਸ਼ਣ ਕੀਤਾ। ਮੁੱਢਲੀ ਸਿੱਖਿਆ ਉਹਨਾਂ ਨੇ ਪਿੰਡ ਦੇ ਸਕੂਲ ਵਿੱਚੋਂ ਹਾਸਲ ਕੀਤੀ ਤੇ ਦਸਵੀਂ ਜਮਾਤ ਸ. ਹ.ਸ. ਲਹਿਰਾਗਾਗਾ ਤੋਂ ਪਾਸ ਕੀਤੀ। ਕਾਲਜ ਦੀ ਪੜ੍ਹਾਈ ਵਿਚਕਾਰ ਛੱਡ ਕੇ "ਕੋ ਟ੍ਰੇਨਿੰਗ ਸੈਂਟਰ ਨਾਭਾ "ਵਿਖੇ ਕੋਆਪਰੇਟਿਵ ਅਦਾਰੇ ਦਾ ਕੋਰਸ ਪਾਸ ਕੀਤਾ। ਜਗਜੀਤ ਭੁਟਾਲ ਦੀ ਜ਼ਿੰਦਗੀ ਵਿੱਚ ਉਹਨਾਂ ਦੇ ਭਰਾ ਸਵ. ਪ੍ਰਿਤਪਾਲ ਦਾ ਬਹੁਤ ਯੋਗਦਾਨ ਰਿਹਾ। ਪ੍ਰਿਤਪਾਲ ਖੇਤੀਬਾੜੀ ਨੂੰ ਸਮਰਪਿਤ ਰਿਹਾ ਤੇ ਜਗਜੀਤ ਭੁਟਾਲ ਆਪਣੀ ਪੜ੍ਹਾਈ ਕਰਦਾ ਰਿਹਾ। ਸਕੂਲ ਸਮੇਂ ਤੋਂ ਹੀ ਜਗਜੀਤ ਨੂੰ ਕਬੱਡੀ ਖੇਡਣ ਦਾ ਵੀ ਬਹੁਤ ਸ਼ੌਕ ਰਿਹਾ। ਮਾਲਵੇ ਦੀ ਮਾਂ ਖੇਡ ਕਬੱਡੀ ਜਾਰੀ ਰੱਖਣ ਕਰਕੇ ਹੀ ਉਹ ਬਾਅਦ ' ਚ ਪੇਂਡੂ ਟੂਰਨਾਮੈਂਟਾਂ ਵਿੱਚ 60 ਕਿਲੋ ਵਜ਼ਨੀ ਤੇ ਓਪਨ ਕਬੱਡੀ ਦੇ ਵਧੀਆ ਖਿਡਾਰੀ ਰਹੇ। ਕਾਲਜ ਸਮੇਂ ਤੈਰਾਕੀ ਤੇ ਪੋਲ ਵਾਲਟ ਖੇਡਾਂ ਖੇਡੀਆਂ।

ਕਾਲਜ ਵਿੱਚ ਪੜ੍ਹਦਿਆਂ ਉਹਨਾਂ ਦਾ ਵਾਹ ਵਾਸਤਾ 'ਪੰਜਾਬ ਸਟੂਡੈਂਟਸ ਯੂਨੀਅਨ' ਨਾਲ ਪਿਆ। 1972 ਵਿੱਚ ਮੋਗਾ ਐਜੀਟੇਸਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਹਨਾਂ ਨੇ 1977 ਵਿੱਚ ਆਪਣੇ ਪਿੰਡ ਭੁਟਾਲ ਕਲਾਂ ਵਿਖੇ "ਨੌਜਵਾਨ ਭਾਰਤ ਸਭਾ" ਦੀ ਉਸਾਰੀ ਕੀਤੀ। ਫਿਰ ਇਲਾਕੇ



ਵਿੱਚ ਹੋਰ ਵੀ ਸਭਾਵਾਂ ਬਣਾਈਆਂ। ਜਗਜੀਤ ਭੁਟਾਲ ਤੇ ਉਹਨਾਂ ਦੇ ਸਾਥੀਆਂ ਦੇ ਸਹਿਯੋਗ ਤੇ ਹਿੰਮਤ ਸਦਕਾ ਸਰਗਰਮੀਆਂ ' ਚ ਲਹਿਰਾ - ਸੁਨਾਮ ਇਲਾਕਾ ਸਾਰੇ ਪੰਜਾਬ ਵਿੱਚੋਂ ਅੱਵਲ ਰਿਹਾ। ਨੌਜਵਾਨ ਭਾਰਤ ਸਭਾ ' ਚ ਕੰਮ ਕਰਦਿਆਂ ਉਹਨਾਂ ਨੇ "ਪੇਂਡੂ ਨਾਟਕ ਮੰਡਲੀ ਲਹਿਰਾਗਾਗਾ " ਦੀ ਸਥਾਪਨਾ ਕੀਤੀ। ਪੰਜਾਬ ਦੇ ਸੈਂਕੜੇ ਪਿੰਡਾਂ 'ਚ ਨਾਟਕ ਖੇਡਦਿਆਂ ਅਹਿਮ ਰੋਲ ਅਦਾ ਕੀਤੇ। ਵਿਸ਼ੇਸ਼ ਕਰਕੇ "ਪਗੜੀ ਸੰਭਾਲ ਜੱਟਾ ਤੇ ਪ੍ਰਿਥੀ ਤੇਰਾ ਕਾਜ ਅਧੂਰਾ " ਆਦਿ ਨਾਟਕ ਖੇਡੇ। ਨਾਟਕਾਂ ਦੀ ਟੀਮ ਨੇ ਪਿੰਡਾਂ ਵਿੱਚ ਨੌਜਵਾਨ ਭਾਰਤ ਸਭਾ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਈ। 1980- 1981 ਵਿੱਚ ਨੌਜੁਆਨ ਸਭਾਵਾਂ ਅਤੇ ਪੀ. ਐਸ. ਯੂ. ਦੀ ਐਕਸ਼ਨ ਕਮੇਟੀ ਪੰਜਾਬ ਦੀ ਅਗਵਾਈ ਵਿੱਚ ਮਿਸਾਲੀ ਕਿਰਾਇਆ ਘੋਲ਼ ਲੜਿਆ। ਇਸ ਘੋਲ਼ ਵਿੱਚ ਜਗਜੀਤ ਭੁਟਾਲ ਸਮੇਤ ਨੌ ਵਿਅਕਤੀਆਂ ਤੇ ਝੂਠੇ ਕੇਸ ਪਾਏ ਗਏ। ਚਾਰ ਸਾਲ ਚੱਲੇ ਕੇਸ ਵਿੱਚੋਂ ਸਭ ਬਾਇੱਜ਼ਤ ਬਰੀ ਹੋਏ। ਇਸ ਸਮੇਂ ਜਗਜੀਤ ਦੇ ਛੋਟੇ ਭਰਾ ਪ੍ਰਿਤਪਾਲ ਨੂੰ ਸਰਕਾਰੀ ਜਬਰ ਤੇ ਜ਼ਲਾਲਤ ਦਾ ਸ਼ਿਕਾਰ ਹੋਣਾ ਪਿਆ। 1973 - 74 ਵਿੱਚ ਲਹਿਰਾਗਾਗਾ ਵਿਖੇ ਅਗਾਂਹਵਧੂ ਸੰਸਥਾ "ਸੱਭਿਆਚਾਰਕ ਸਭਾ ਲਹਿਰਾਗਾਗਾ" ਕੰਮ ਕਰ ਰਹੀ ਸੀ ਉਸਦਾ ਵੀ ਅੰਗ ਬਣੇ। 1978 - 79 'ਚ ਲਹਿਰਾਗਾਗਾ ਵਿਖੇ "ਮਜ਼ਦੂਰ ਮੁਲਾਜ਼ਮ ਤਾਲਮੇਲ ਕਮੇਟੀ" ਬਣਾਈ। ਉਸ ਵਿੱਚ ਵੀ ਤਨਦੇਹੀ ਨਾਲ ਕੰਮ ਕੀਤਾ।

23 ਮਾਰਚ 1978 ਨੂੰ ਪਿੰਡ ਭੁਟਾਲ ਕਲਾਂ ਵਿਖੇ ਕਬੱਡੀ ਟੂਰਨਾਮੈਂਟ ਦੀ ਸਮਾਪਤੀ ਤੇ ਸ਼ਹੀਦ ਭਗਤ ਸਿੰਘ ਦੀ ਮਹੱਤਵਪੂਰਨ ਲਿਖਤ "ਮੈਂ ਨਾਸਤਿਕ ਕਿਉਂ ਹਾਂ ਅਤੇ ਡਰੀਮਲੈਂਡ ਦੀ ਭੂਮਿਕਾ" ਪੰਜਾਬੀ ਵਿੱਚ ਅਨੁਵਾਦ ਕਰਵਾਕੇ ਪਹਿਲੀ ਵਾਰ ਪਿੰਡ ਭੁਟਾਲ ਕਲਾਂ ਤੋਂ ਰਲੀਜ਼ ਕੀਤੀ। 1985 - 86 'ਚ ਫਿਰਕੂ ਜ਼ਹਿਰਾਂ ਤੋਂ ਪਾਕ ਰੱਖਣ ਲਈ " ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ "ਪੰਜਾਬ 'ਚ ਅਹਿਮ ਰੋਲ ਅਦਾ ਕੀਤਾ। ਦਸੰਬਰ 1988 ਵਿੱਚ ਸਵ. ਹਰੀ ਸਿੰਘ ਤਰਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਹਿਰਾਗਾਗਾ ਵਿਖੇ "ਲੋਕ ਚੇਤਨਾ ਮੰਚ " ਦੀ ਸਥਾਪਨਾ ਕੀਤੀ ਤੇ ਇਸ ਦਾ ਬਕਾਇਦਾ ਲਿਖਤੀ ਸੰਵਿਧਾਨ ਬਣਾਇਆ ਗਿਆ। ਜਗਜੀਤ ਭੁਟਾਲ ਇਸ ਮੰਚ ਦੇ ਪਹਿਲੇ ਪ੍ਰਧਾਨ ਬਣੇ। ਉਹਨਾਂ ਦੀ ਪ੍ਰਧਾਨਗੀ ਹੇਠ ਇਸ ਮੰਚ ਵੱਲੋਂ ਕਈ ਮਿਸਲੀ ਘੋਲ ਲੜੇ ਗਏ। ਇਹ ਸਿਰਮੌਰ ਸੰਸਥਾ ਅੱਜ ਕੱਲ ਵੀ ਕੰਮ ਕਰ ਰਹੀ ਹੈ। 1995 ਵਿੱਚ ਪੰਜਾਬ ਦੀਆਂ ਸਾਰੀਆਂ ਇਨਕਲਾਬੀ ਧਿਰਾਂ ਦੀ ਸਾਂਝੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਬਣੀ। ਇਸ ਜਥੇਬੰਦੀ ਵਿੱਚ ਵੀ ਸੂਬਾ ਪੱਧਰੀ ਜ਼ਿੰਮੇਵਾਰੀਆਂ ਨਿਭਾਈਆਂ। 1978 - 79 ' ਚ "ਜਮਹੂਰੀ ਅਧਿਕਾਰ ਸਭਾ " ਦੀ ਉਸਾਰੀ ਕੀਤੀ ਗਈ। ਉਹ ਇਸਦੇ ਬਾਨੀ ਮੈਂਬਰ ਬਣੇ। ਅੱਜ ਕੱਲ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਤੇ ਸੂਬਾ ਕਮੇਟੀ ਮੈਂਬਰ ਵਜੋਂ ਕੰਮ ਕਰ ਰਹੇ ਹਨ।

01 - 10 -1978 ਨੂੰ ਉਹਨਾਂ ਨੇ ਪਿੰਡ ਜਲੂਰ ਤੇ ਕਾਲਵੰਜਾਰਾ ਦੀ ਸਾਂਝੀ ਸੁਸਾਇਟੀ 'ਚ ਕੈਸ਼ੀਅਰ ਦੀਆਂ ਸੇਵਾਵਾਂ ਦੀ ਸ਼ੁਰੂਆਤ ਕੀਤੀ। ਉਸ ਵਕਤ ਕੋਆਪਰੇਟਿਵ ਅਦਾਰੇ ਦਾ ਕੋਈ ਕ਼ਾਇਦਾ ਕਾਨੂੰਨ ਨਹੀਂ ਸੀ, ਸਰਵਿਸ ਰੂਲਜ ਨਹੀਂ ਸਨ। ਇਸ ਕਰਕੇ ਉਹਨਾਂ ਨੇ ਮਹਿਕਮੇ ਦੀ ਜਥੇਬੰਦੀ ਦੀ ਉਸਾਰੀ ਕੀਤੀ। ਮਾਲਵੇ ਦੇ ਸੱਤ ਜ਼ਿਲਿਆਂ 'ਚ ਜਥੇਬੰਦੀ ਦੀ ਲਾਮਬੰਦੀ ' ਚ ਡਿਊਟੀ ਲੱਗੀ। ਜੋ ਇਮਾਨਦਾਰੀ ਨਾਲ ਨਿਭਾਈ। ਮੁਲਾਜ਼ਮ ਮੰਗਾਂ ਦੀ ਪੂਰਤੀ ਪੰਜਾਬ ਪੱਧਰ ਤੇ ਹੜਤਾਲਾਂ, ਧਰਨੇ, ਮੁਜ਼ਾਹਰੇ ਹੋਏ। ਇਸ ਤੋਂ ਬਾਅਦ 1981 'ਚ ਜੇਲ੍ਹ ਭਰੋ ਅੰਦੋਲਨ ਸ਼ੁਰੂ ਹੋਇਆ। ਸਿੱਟੇ ਵਜੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ ' ਚ ਤਿੰਨ ਮਹੀਨੇ ਸਾਥੀਆਂ ਨਾਲ ਅੰਦਰ ਰਹੇ। ਕੋਈ ਜ਼ਮਾਨਤ ਨਹੀਂ ਕਰਵਾਈ। ਮੁਲਾਜ਼ਮ ਮੰਗਾਂ ਦੀ ਪ੍ਰਾਪਤੀ, ਸਰਵਿਸ ਰੂਲਜ " ਐਜ ਪਰ ਪੰਜਾਬ ਗੌਰਮਿੰਟ" ਲਾਗੂ ਕਰਵਾਇਆ। 1983 ਵਿੱਚ ਜੇਲ੍ਹ ਭਰੋ ਅੰਦੋਲਨ ਦੁਬਾਰਾ ਚੱਲਿਆ। ਦੋ ਮਹੀਨੇ ਫਿਰ ਉਸੀ ਜੇਲ੍ਹ ਵਿੱਚ ਰਹੇ। ਫਿਰ ਕੁਝ ਮੰਗਾਂ ਦੀ ਪ੍ਰਾਪਤੀ ਤੋਂ ਬਾਅਦ ਜਿੱਤ ਦੇ ਜੈਕਾਰਿਆਂ ਨਾਲ ਬਾਹਰ ਆਏ। ਸੂਬੇ ਦੇ ਇਜਲਾਸ ਵਿੱਚ ਉਹਨਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜਗਜੀਤ ਭੂਟਾਲ ਸਹਿਕਾਰੀ ਸਭਾਵਾਂ ਪੰਜਾਬ ਦਾ ਕੱਦਾਵਰ ਨੇਤਾ ਰਿਹਾ ਹੈ। ਜੋ ਕਿਸਾਨ ਮਸਲਿਆਂ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ। ਕਿਸਾਨਾਂ ਦੀ ਆਰਥਿਕ ਦਿਸ਼ਾ ਤੇ ਦਸ਼ਾ , ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ , ਕਰਜੇ ਦੀ ਮਾਰ ਹੇਠ ਆਈ ਕਿਸਾਨੀ ਬਾਰੇ ਹਮੇਸ਼ਾ ਕਿਸਾਨਾਂ ਨੂੰ ਜਾਗਰੂਕ ਕਰਦਾ ਰਹਿੰਦਾ ਹੈ। ਉਹ ਕਿਸਾਨ ਜਥੇਬੰਦੀਆਂ 'ਚ ਬੜੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਉਹ ਇੱਕ ਪੈੜ ਨੂੰ ਕਾਫਲੇ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ। ਉਹ ਤੁਰਦਾ ਇਕੱਲਾ ਐ ਪਰ ਮੰਜਿਲ ਤੇ ਪਹੁੰਚਣ ਤੱਕ ਕਾਰਵਾਂ ਬਣ ਜਾਂਦੈ। ਜਗਜੀਤ ਭੁਟਾਲ ਅਗਸਤ 2014 ਵਿੱਚ ਲੱਗਭੱਗ 36 ਸਾਲ ਦੀਆਂ ਸੇਵਾਵਾਂ ਨਿਭਾ ਕੇ ਇਸ ਅਦਾਰੇ ਵਿੱਚੋਂ ਸੇਵਾ ਮੁਕਤ ਹੋਏ। ਇੱਕ ਬੇਹੱਦ ਇਮਾਨਦਾਰ ਸ਼ਖ਼ਸੀਅਤ ਸ. ਬਲਵੀਰ ਸਿੰਘ ਸੋਹੀ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜਗਜੀਤ ਭੁਟਾਲ ਦੇ ਆਦਰਸ਼ ਰਹੇ।


ਜਗਜੀਤ ਭੁਟਾਲ 30 ਮਾਰਚ 1986 ਨੂੰ ਸ਼ਹੀਦ ਮੇਘਰਾਜ ਭਗਤੂਆਣਾ ਦੀ ਭੈਣ ਸ਼੍ਰੀਮਤੀ ਕਾਂਤਾ ਦੇਵੀ ਨਾਲ ਵਿਆਹ ਦੇ ਬੰਧਨ ਵਿੱਚ ਬੱਝੇ। ਇਹ ਵਿਆਹ ਬਿਨਾਂ ਦਾਜ ਦਹੇਜ ਅਤੇ ਪਿਛਾਂਹ ਖਿੱਚੂ ਰਸਮਾਂ ਰਿਵਾਜਾਂ ਨੂੰ ਪਿੱਛੇ ਛੱਡਦੇ ਹੋਏ ਸਿਰਫ ਹਾਰ ਪਹਿਨਾ ਕੇ ਸੰਪਨ ਕੀਤਾ। ਇਸ ਵਿਆਹ ਵਿੱਚ ਸਵ. ਨਾਮਦੇਵ ਭੁਟਾਲ, ਬ੍ਰਹਮਦੇਵ ਸ਼ਰਮਾ, ਮੇਘਰਾਜ ਭਗਤੂਆਣਾ ਨੇ ਸਾਦੇ ਵਿਆਹ ਦੀ ਰਸਮ ਅੱਗੇ ਤੋਰਨ ਲਈ ਵਿਚਾਰ ਪੇਸ਼ ਕੀਤੇ। ਜਗਰਾਜ ਧੌਲਾ ਅਤੇ ਭੂਰਾ ਸਿੰਘ ਮਹਿਮਾ ਸਰਜਾ ਦੀ ਸੰਗੀਤ ਮੰਡਲੀ ਵੱਲੋਂ ਲੋਕ ਪੱਖੀ ਗੀਤ ਸੰਗੀਤ ਪੇਸ਼ ਕੀਤਾ ਗਿਆ। ਸ਼੍ਰੀਮਤੀ ਕਾਂਤਾ ਦੇਵੀ ਨੇ ਉਨ੍ਹਾਂ ਦੇ ਜੀਵਨ ਵਿੱਚ ਅਹਿਮ ਰੋਲ ਅਦਾ ਕੀਤਾ ਤੇ ਲੋਕ ਪੱਖੀ ਲਹਿਰਾਂ ਦਾ ਆਗੂ ਬਣਾਇਆ। ਉਹਨਾਂ ਦੀ ਹਮਸਫ਼ਰ ਸ਼੍ਰੀਮਤੀ ਕਾਂਤਾ ਦੇਵੀ ਨੇ ਆਪਣੇ ਭਰਾ ਮੇਘਰਾਜ ਭਗਤੂਆਣਾ ਦੀ ਮੌਤ ਤੋਂ ਬਾਅਦ ਉਹਨਾਂ ਦੇ ਦੋਵੇਂ ਬੱਚਿਆਂ ਬੇਟੀ ਕਮਲ ਤੇ ਬੇਟੇ ਕੁਲਦੀਪ ਨੂੰ ਆਪਣੇ ਕੋਲ ਲਿਆਂਦਾ ਤੇ ਵਧੀਆ ਤਾਲੀਮ ਦਿਵਾਈ। ਅੱਜ ਕੱਲ ਇਹ ਦੋਵੇਂ ਬੱਚੇ ਸਰਕਾਰੀ ਨੌਕਰੀ ਵਿਚ ਹਨ। ਇਹ ਇਲਾਕੇ ਦਾ ਇੱਕ ਨਿਧੜਕ ਤੇ ਲੋਕ ਪੱਖੀ ਆਗੂ ਹੈ। ਪੰਜਾਬ ਦੀ ਐਸੀ ਕੋਈ ਸਟੇਜ ਨਹੀਂ ਜਿੱਥੇ ਇਨ੍ਹਾਂ ਦੇ ਭਾਸ਼ਣ ਨੇ ਲੋਕਾਂ ਨੂੰ ਕਾਇਲ ਨਾ ਕੀਤਾ ਹੋਵੇ। ਲੋਕਾਂ ਨੂੰ ਲਾਮਬੰਦ ਕਰਨ ਵਿਚ ਇਹਨਾਂ ਨੂੰ ਖਾਸ ਮੁਹਾਰਤ ਹਾਸਲ ਹੈ। ਲੱਛੇਦਾਰ ਬੋਲੀ ਤੇ ਖੋਜ ਭਰਪੂਰ ਤੱਥਾਂ ਕਰਕੇ ਇਹ ਲੋਕਾਂ ਨੂੰ ਹਮੇਸ਼ਾ ਆਪਣੇ ਨਾਲ ਜੋੜ ਕੇ ਰੱਖਦੇ ਹਨ।ਅਜਿਹੇ ਨਿਧੜਕ ਜਰਨੈਲ ਦੀ ਹਮੇਸ਼ਾ ਪੰਜਾਬ ਵਿੱਚ ਥੁੜ ਰੜਕਦੀ ਰਹੀ ਹੈ। ਉਹਨਾਂ ਨੇ ਹਮੇਸ਼ਾ ਹੱਕ ਮੰਗਦੇ ਲੋਕਾਂ ਦੀ ਅਵਾਜ਼ ਨੂੰ ਕੁਚਲਣ ਦਾ ਵਿਰੋਧ ਕੀਤਾ। ਸਮਾਜਿਕ , ਆਰਥਿਕ ਵਿਵਸਥਾ ਦੇ ਅਣਸੁਖਾਵੇਪਣ ਕਾਰਨ ਨਪੀੜੇ ਤੇ ਸਾਧਨਹੀਣ ਲੋਕ ਇਹਨਾਂ ਦੀ ਪਹਿਲੀ ਤਰਜੀਹ ਰਹੇ ਹਨ। ਜਿੰਨਾ ਵਾਸਤੇ ਜਮੀਨੀ ਪੱਧਰ ਤੇ ਕੰਮ ਕੀਤਾ। ਪ੍ਰਗਤੀਵਾਦੀ ਦੌਰ ਦਾ ਇਹ ਆਗੂ ਹਮੇਸ਼ਾ ਵਰਤਮਾਨ ਸਮਾਜਿਕ ਯਥਾਰਥ ਨਾਲ ਨਜਿੱਠਣ ਲਈ ਪ੍ਰਤੀਬੱਧ ਰਿਹਾ ਹੈ। ਮਾਰਕਸਵਾਦੀ ਸਿਧਾਂਤ ਦੇ ਸਮਰਥਕ ਹੋਣ ਕਰਕੇ ਇਸਨੂੰ ਇਨਕਲਾਬ ਲਈ ਸ਼ੰਘਰਸ਼ ਕਰ ਰਹੀ ਪ੍ਰੋਲੇਤਾਰੀ ਜਮਾਤ ਦੀ ਭਵਿੱਖ ਵਿੱਚ ਹੋਣ ਵਾਲੀ ਜਿੱਤ ਵਿਚੋਂ ਵੀ ਹਮੇਸ਼ਾ ਵਿਸ਼ਵਾਸ ਰਿਹਾ ਹੈ। ਪਿਛਲੇ ਦਿਨੀਂ ਉਹਨਾਂ ਨੂੰ ਅਚਾਨਕ ਹਰਟ ਅਟੈਕ ਆ ਗਿਆ ਸੀ। ਉਹਨਾਂ ਦੀ ਬਾਈਪਾਸ ਸਰਜਰੀ ਹੋਈ ਹੈ। ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਵੀ ਉਹ ਕਿਤੇ ਧਰਨਾ, ਰੈਲੀ, ਮੁਜ਼ਾਹਰਾ ਹੋਵੇ ਜ਼ਰੂਰ ਪਹੁੰਚਦੇ ਹਨ। ਉਹਨਾਂ ਨੇ ਆਪਣਾ ਸਾਰਾ ਜੀਵਨ ਲੋਕ ਪੱਖੀ ਲਹਿਰਾਂ ਨੂੰ ਸਮਰਪਿਤ ਕੀਤਾ ਹੋਇਆ ਹੈ। ਬੱਚੇ ਤੋਂ ਲੈ ਕੇ ਬਜੁਰਗ ਤੱਕ ਉਹ ਸਭ ਨੂੰ ਸਨਮਾਨ ਦਿੰਦੇ ਹਨ ਤੇ ਸਭ ਦਾ ਸਤਿਕਾਰ ਕਰਦੇ ਹਨ।

**ਸਨੀ ਸੇਖੂਵਾਸ**
**9417422349**

# ਭਗਵਾਨ ਦਾਸ ਦਾ ਛੂਤ-ਛਾਤ ਦੇ ਮੁੱਦੇ ਨੂੰ ਅੰਤਰਰਾਸ਼ਟਰੀਕਰਨ ਵਿੱਚ ਯੋਗਦਾਨ

**(ਸਮਾਜ ਵੀਕਲੀ)-** ਭਗਵਾਨ ਦਾਸ ਨੇ ਛੂਤ-ਛਾਤ ਦੇ ਮੁੱਦੇ ਨੂੰ ਅੰਤਰਰਾਸ਼ਟਰੀਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ, ਦਲਿਤਾਂ ਦੀ ਦੁਰਦਸ਼ਾ ਅਤੇ ਭਾਰਤ ਅਤੇ ਹੋਰ ਥਾਵਾਂ 'ਤੇ ਉਨ੍ਹਾਂ ਨੂੰ ਦਰਪੇਸ਼ ਪ੍ਰਣਾਲੀਗਤ ਵਿਤਕਰੇ ਵੱਲ ਵਿਸ਼ਵਵਿਆਪੀ ਧਿਆਨ ਖਿੱਚਿਆ। 1927 ਵਿੱਚ ਭਾਰਤ ਵਿੱਚ ਇੱਕ "ਅਛੂਤ" ਭਾਈਚਾਰੇ ਵਿੱਚ ਜਨਮੇ, ਦਾਸ ਇੱਕ ਸਮਰਪਿਤ ਅੰਬੇਡਕਰਵਾਦੀ ਸਨ ਜਿਨ੍ਹਾਂ ਨੇ ਜਾਤੀ-ਅਧਾਰਤ ਵਿਤਕਰੇ ਵਿਰੁੱਧ ਲੜਾਈ ਨੂੰ ਰਾਸ਼ਟਰੀ ਸੀਮਾਵਾਂ ਤੋਂ ਪਾਰ ਵਧਾਉਣ ਲਈ ਅਣਥੱਕ ਮਿਹਨਤ ਕੀਤੀ, ਇਸਨੂੰ ਵਿਆਪਕ ਪ੍ਰਸੰਗਿਕਤਾ ਦੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਵਜੋਂ ਪੇਸ਼ ਕੀਤਾ। ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਯਤਨ ਅਗਸਤ 1983 ਵਿੱਚ ਆਇਆ, ਜਦੋਂ ਉਨ੍ਹਾਂ ਨੇ ਜੇਨੇਵਾ ਵਿੱਚ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਉਪ-ਕਮਿਸ਼ਨ ਦੇ ਸਾਹ-ਮਣੇ ਛੂਤ-ਛਾਤ 'ਤੇ ਇੱਕ ਸ਼ਕਤੀਸ਼ਾਲੀ ਗਵਾਹੀ ਦਿੱਤੀ। ਧਰਮ ਅਤੇ ਸ਼ਾਂਤੀ ਬਾਰੇ ਵਿਸ਼ਵ ਕਾਨਫਰੰਸ (WCRP) ਅਤੇ ਵੱਖ-ਵੱਖ ਦਲਿਤ ਅਤੇ ਬੋਧੀ ਸੰਗਠਨਾਂ ਜਿਵੇਂ ਕਿ ਆਲ ਇੰਡੀਆ ਸਮਤਾ ਸੈਨਿਕ ਦਲ ਅਤੇ ਭਾਰਤੀ ਬੋਧੀ ਪ੍ਰੀਸ਼ਦ, ਅੰਬੇਡਕਰ ਮਿਸ਼ਨ ਸੋਸਾਇਟੀ ਵੱਲੋਂ ਬੋਲਦੇ ਹੋਏ, ਦਾਸ ਨੇ ਨਾ ਸਿਰਫ਼ ਭਾਰਤ ਵਿੱਚ ਸਗੋਂ ਏਸ਼ੀਆ ਦੇ ਹੋਰ ਹਿੱਸਿਆਂ ਜਿਵੇਂ ਕਿ ਨੇਪਾਲ, ਬੰਗਲਾਦੇਸ਼, ਸ਼੍ਰੀਲੰਕਾ ਅਤੇ ਪਾਕਿਸਤਾਨ ਵਿੱਚ ਹਿੰਦੂ ਸੱਭਿਆਚਾਰ ਤੋਂ ਪ੍ਰਭਾਵਿਤ ਛੂਤ-ਛਾਤ ਦੇ ਵਿਆਪਕ ਸੁਭਾਅ ਨੂੰ ਉਜਾਗਰ ਕੀਤਾ। ਉਸਨੇ ਜਾਪਾਨ ਦੇ ਬੁਰਾਕੁਮਿਨਾਂ ਵਿਰੁੱਧ ਛੂਤ-ਛਾਤ ਦਾ ਮੁੱਦਾ ਵੀ ਉਠਾਇਆ। ਉਸਦੀ ਪੇਸ਼ਕਾਰੀ ਨੇ ਭਾਰਤ ਸਰਕਾਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਇਸ ਮੁੱਦੇ ਨੂੰ ਹੱਲ ਕਰਨ ਦੀ ਝਿਜਕ ਨੂੰ ਚੁਣੌਤੀ ਦਿੱਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਛੂਤ-ਛਾਤ ਸਿਰਫ਼ ਇੱਕ ਘਰੇਲੂ ਜਾਂ ਸੱਭਿਆਚਾਰਕ ਮਾਮਲਾ ਨਹੀਂ ਹੈ, ਸਗੋਂ ਵਿਸ਼ਵਵਿਆਪੀ ਮਨੁੱਖੀ ਮਾਣ ਦੀ ਉਲੰਘਣਾ ਹੈ। ਅਧਿਕਾਰਤ ਭਾਰਤੀ ਵਫ਼ਦ ਦੇ ਵਿਰੋਧ ਦੇ ਬਾਵਜੂਦ, ਉਸਦੇ ਭਾਸ਼ਣ ਨੇ ਵਿਸ਼ਵਵਿਆਪੀ ਜਵਾਬਦੇਹੀ ਅਤੇ ਕਾਰਵਾਈ ਦੀ ਜ਼ਰੂਰਤ ਵੱਲ ਧਿਆਨ ਖਿੱਚਿਆ।

ਭਗਵਾਨ ਦਾਸ ਨੇ ਪ੍ਰਮੁੱਖ ਅੰਤਰਰਾਸ਼ਟਰੀ ਸਮਾਗਮਾਂ ਦੇ ਆਯੋਜਨ ਅਤੇ ਪ੍ਰਭਾਵ ਪਾਉਣ ਵਿੱਚ ਵੀ ਮੁੱਖ ਭੂਮਿਕਾ ਨਿਭਾਈ। 1998 ਵਿੱਚ, ਉਸਨੇ ਮਲੇਸ਼ੀਆ ਦੇ ਕੁਆਲਾਲੰਪੁਰ ਵਿੱਚ ਅੰਤਰਰਾਸ਼ਟਰੀ ਦਲਿਤ ਕਾਨਫਰੰਸ ਦੀ ਸਿਰਜਣਾ ਵਿੱਚ ਮੁੱਖ ਭੂਮਿਕਾ ਨਿਭਾਈ।


ਭਗਵਾਨ ਦਾਸ

ਇਸ ਘਟਨਾ ਨੇ ਦੱਬੇ-ਕੁਚਲੇ ਭਾਈਚਾਰਿਆਂ ਵਿੱਚ ਵਧੇਰੇ ਵਿਸ਼ਵਵਿਆਪੀ ਏਕਤਾ ਲਈ ਜ਼ਮੀਨ ਰੱਖੀ ਅਤੇ 2001 ਵਿੱਚ ਦੱਖਣੀ ਅਫ਼ਰੀਕਾ ਦੇ ਡਰਬਨ ਵਿੱਚ ਛੂਤ-ਛਾਤ 'ਤੇ ਵਿਸ਼ਵ ਸੰਮੇਲਨ (WCAR) ਲਈ ਮੰਚ ਤਿਆਰ ਕੀਤਾ, ਜਿੱਥੇ ਦਲਿਤ ਮੁੱਦੇ ਨੂੰ ਵਧੇਰੇ ਪ੍ਰਮੁੱਖਤਾ ਮਿਲੀ। ਉਨ੍ਹਾਂ ਦੇ ਯਤਨਾਂ ਨੇ ਚਰਚਾ ਨੂੰ ਸਥਾਨਕ ਸੰਘਰਸ਼ ਤੋਂ ਇੱਕ ਅੰਤਰਰਾਸ਼ਟਰੀ ਅੰਦੋਲਨ ਵਿੱਚ ਬਦਲਣ ਵਿੱਚ ਮਦਦ ਕੀਤੀ, ਜਿਸ ਨਾਲ ਦਲਿਤਾਂ ਦੇ ਅਨੁਭਵਾਂ ਨੂੰ ਜਾਪਾਨ ਵਿੱਚ ਬੁਰਾਕੁਮਿਨ ਵਰਗੇ ਹੋਰ ਹਾਸ਼ੀਏ 'ਤੇ ਧੱਕੇ ਗਏ ਸਮੂਹਾਂ ਦੇ ਅਨੁਭਵਾਂ ਨਾਲ ਜੋੜਿਆ ਗਿਆ। ਇਸ ਤੋਂ ਇਲਾਵਾ, ਦਾਸ ਨੇ ਇਸ ਅੰਤਰਰਾਸ਼ਟਰੀਕਰਨ ਲਈ ਬੌਧਿਕ ਅਤੇ ਸੰਗਠਨਾਤਮਕ ਢਾਂਚੇ ਵਿੱਚ ਯੋਗਦਾਨ ਪਾਇਆ। ਉਸਨੇ 1974 ਵਿੱਚ ਜਾਪਾਨ ਦੇ ਕਿਓਟੋ ਵਿੱਚ ਹੋਮਰ ਜੈਕ ਵਰਗੇ ਲੋਕਾਂ ਨਾਲ ACRP (ਏਸ਼ੀਅਨ ਕਾਨਫਰੰਸ ਆਫ਼ ਰਿਲੀਜਨਜ਼ ਫਾਰ ਪੀਸ) ਦੀ ਸਹਿ-ਸਥਾਪਨਾ ਕੀਤੀ, ਜਿਸਨੇ ਵਿਤਕਰੇ ਦੇ ਹੋਰ ਰੂਪਾਂ ਦੇ ਨਾਲ-ਨਾਲ ਛੂਤ-ਛਾਤ 'ਤੇ ਚਰਚਾ ਕਰਨ ਲਈ ਇੱਕ ਮੰਚ ਪ੍ਰਦਾਨ ਕੀਤਾ। ਨਵੀਂ ਦਿੱਲੀ ਵਿੱਚ ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ (ACHR) ਨਾਲ ਉਨ੍ਹਾਂ ਦੇ ਕੰਮ ਨੇ ਇਨ੍ਹਾਂ ਯਤਨਾਂ ਨੂੰ ਅੱਗੇ ਵਧਾਇਆ। 2010 ਵਿੱਚ ਆਪਣੀ ਮੌਤ ਦੇ ਸਮੇਂ, ਉਹ ਏਸ਼ੀਆ ਵਿੱਚ ਛੂਤ-ਛਾਤ 'ਤੇ ਇੱਕ ਕਿਤਾਬ ਦੀ ਖੋਜ ਕਰ ਰਹੇ ਸਨ, ਜਿਸਦਾ ਉਦੇਸ਼ ਇਸਦੇ ਖੇਤਰੀ ਦਾਇਰੇ ਨੂੰ ਦਸਤਾਵੇਜ਼ੀਕਰਨ ਕਰਨਾ ਅਤੇ ਵਿਆਪਕ ਜਾਗਰੂਕਤਾ ਦੀ ਵਕਾਲਤ ਕਰਨਾ ਸੀ। ਇਹਨਾਂ ਕਾਰਵਾਈਆਂ ਰਾਹੀਂ - ਸੰਯੁਕਤ ਰਾਸ਼ਟਰ ਵਿੱਚ ਬੋਲਣਾ, ਅੰਤਰਰਾਸ਼ਟਰੀ ਕਾਨਫਰੰਸਾਂ ਦਾ ਆਯੋਜਨ ਕਰਨਾ, ਅਤੇ ਅੰਤਰ-ਸੱਭਿਆਚਾਰਕ ਸੰਵਾਦ ਨੂੰ ਉਤਸ਼ਾਹਿਤ ਕਰਨਾ - ਭਗਵਾਨ ਦਾਸ ਨੇ ਛੂਤ-ਛਾਤ ਨੂੰ ਇੱਕ ਭਾਰਤੀ ਮੁੱਦੇ ਤੋਂ ਇੱਕ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੀ ਚਿੰਤਾ ਵਿੱਚ ਬਦਲ ਦਿੱਤਾ, ਅਤੇ ਕਾਰਕੁਨਾਂ ਅਤੇ ਵਿਦਵਾਨਾਂ ਨੂੰ ਜਾਤੀ ਵਿਤਕਰੇ ਨੂੰ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਦੇਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀ ਵਿਰਾਸਤ ਇਸ ਗੱਲ 'ਤੇ ਜ਼ੋਰ ਦੇਣ ਵਿੱਚ ਹੈ ਕਿ ਛੂਤ-ਛਾਤ ਵਿਰੁੱਧ ਲੜਾਈ ਲਈ ਸਿਰਫ਼ ਰਾਸ਼ਟਰੀ ਸੁਧਾਰਾਂ ਦੀ ਹੀ ਨਹੀਂ, ਸਗੋਂ ਇੱਕ ਠੋਸ ਅੰਤਰਰਾਸ਼ਟਰੀ ਪ੍ਰਤੀਕਿਰਿਆ ਦੀ ਵੀ ਲੋੜ ਹੈ।



**ਐਸ.ਆਰ. ਦਾਰਾਪੁਰੀ, ਰਾਸ਼ਟਰੀ ਪ੍ਰਧਾਨ, ਆਲ ਇੰਡੀਆ ਪੀਪਲਜ਼ ਫਰੰਟ**

# ਮੱਧ-ਪੂਰਬ ਦਾ ਯੁੱਧ

**ਰੂਸ** ਦੇ ਜ਼ਾਰ ਤੋਂ ਡਰਦੇ, ਯਹੂਦੀ ਲੋਕ ਪੂਰਬੀ ਜਰਮਨੀ ਵਿੱਚ ਕੇਂਦਰਿਤ ਹੋ ਗਏ। ਹਿਟਲਰ ਨੇ ਵੀ ਇਨ੍ਹਾਂ ਤੇ ਜ਼ੁਲਮ ਕੀਤੇ,ਕੁਝ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕਰ ਗਏ,ਕੁਝ ਨੇ ਯਰੂਸ਼ਲਮ ਨੇੜੇ ਇਲਾਕਾ ਖਰੀਦ ਕੇ ਇਜ਼ਰ-ਾਇਲ ਦੇਸ਼ ਆਬਾਦ ਕਰ ਲਿਆ। ਯਹੂਦੀਆਂ ਦਾ ਦੇਸ਼ ਸਾਰੇ ਪਾਸੇ ਤੋਂ ਮੁਸਲਿਮ ਦੇਸ਼ਾਂ ਵਿੱਚਕਾਰ ਘਿਰਿਆ ਹੋਇਆ ਹੈ। ਪੱਛਮੀ ਪਾਸਾ, ਸਮੁੰਦਰ ਨਾਲ ਲੱਗਿਆ ਹੋਇਆ ਹੈ। ਸਾਰੇ ਅਰਬ ਦੇਸ਼, ਕੇਵਲ ਤੇ ਕੇਵਲ ਮੁਸਲਿਮ ਆਬਾਦੀ ਵਾਲੇ ਹਨ। ਇਸਲਾਮੀ ਮੁਲਕ,ਅੱਲ੍ਹਾ ਨੂੰ ਹੀ ਆਪਣਾ ਰੱਬ ਮੰਨਦੇ ਹਨ ਬਾਕੀ ਸਾਰੇ ਧਰਮਾਂ ਦੇ ਲੋਕਾਂ ਨੂੰ ਕਾਫਰ ਸਮਝਦੇ ਹਨ। ਇਜ਼ਰ-ਾਇਲ ਦੇ ਲੋਕ ਸਾਮਰਾਜਵਾਦ ਦੀ ਉਪਜ ਹਨ, ਉਨ੍ਹਾਂ ਨੂੰ ਆਪਣੇ ਪੂੰਜੀਵਾਦੀ ਅਤੇ ਖੋਜੀ ਹੋਣ ਦਾ ਹੰਕਾਰ ਹੈ। ਦੋਨੋਂ ਗਰੁੱਪਾਂ ਵਿੱਚ ਹੰਕਾਰ ਦੀ ਲੜਾਈ ਚਲਦੀ ਰਹਿੰਦੀ ਹੈ। ਲਗਭਗ ਪਿਛਲੇ ਇੱਕ ਸਦੀ ਤੋਂ ਇਹ ਵਰਤਾਰਾ ਚੱਲ ਰਿਹਾ ਹੈ। ਸ਼ੁਰੂ ਵਿੱਚ ਯੂਰੋਸਲਮ ਦੇ ਆਲੇ ਦੁਆਲੇ ਫੈਲਿਆ ਇਜ਼ਰਾਇਲ ਬਹੁਤ ਵਧੀਆ, ਸਿਆਣੇ ਅਤੇ ਸ਼ਾਂਤੀ ਪਸੰਦ ਲੋਕਾਂ ਦਾ ਦੇਸ਼ ਸੀ। ਆਧੁਨਿਕ ਸਮੇਂ ਦੇ ਹਾਣ ਦੀਆਂ ਖੋਜਾਂ ਨਾਲ ਇਹ ਦੁਨੀਆ ਦਾ ਸਿਰਕੱਢ ਦੇਸ਼ ਬਣਿਆ ।ਗੁਆਂਢੀ ਮੁਸਲਿਮ ਦੇਸ਼, ਆਪਸ ਵਿੱਚ ਵੀ ਲੜਦੇ ਰਹਿੰਦੇ ਸਨ,ਫਿਰ ਹੌਲੀ ਹੌਲੀ ਈਰਖਾ ਵਸ ਇਜ਼ਰਾਇਲ ਨਾਲ ਵੀ ਪੇਚਾ ਪੈਣ ਲੱਗਿਆ। ਇਜ਼ਰਾਇਲ, ਮੁਸਲਿਮ ਲੋਕਾਂ ਨੂੰ ਮੂਰਖ ਸਮਝਦੇ ਹੋਏ, ਆਪਣੀਆਂ ਹੱਦਾਂ ਦਾ ਪਸਾਰਾ



ਵੀ ਕਰਨ ਲੱਗਿਆ। ਇਹ ਗੱਲ ਇਸਲਾਮੀ ਲੋਕਾਂ ਨੂੰ ਵੀ ਠੀਕ ਨਹੀਂ ਲੱਗ ਰਹੀ ਸੀ। ਗਾਜ਼ਾ, ਜੋਰਡਨ ਵਿੱਚ ਹਮਾਸ ਗਰੁੱਪ, ਤੁਰਕੀ ਅਤੇ ਹੁਣ ਇਰਾਨ ਵਿੱਚ, ਕੱਟੜ ਮੌਲਵੀ ਜੰਗਬੰਦੀ ਵਿੱਚ ਪੱਬ ਨਹੀਂ ਲੱਗਣ ਦੇ ਰਹੇ। ਅੱਤ ਦੀ ਗਰੀਬੀ ਵਿੱਚ ਰਹਿ ਰਹੇ ਲੋਕਾਂ ਦੀ ਭਲਾਈ ਵੱਲ ਕਿਸੇ ਦਾ ਧਿਆਨ ਨਹੀਂ, ਸਭ ਆਪਣੀ ਹੈਂਕੜ ਪੁਗਾਉਂਦੇ ਰਹਿੰਦੇ ਹਨ। ਇਜ਼ਰਾਇਲ ਦੇ ਯਹੂਦੀ ਬਹੁਤ ਵੱਡੇ ਸਰਮਾਏਦਾਰ ਹਨ।ਇਹਨਾਂ ਦੀਆਂ ਜੜ੍ਹਾਂ ਅਮਰੀਕਾ ਵਿੱਚ ਵੀ ਲੱਗੀਆਂ ਹਨ। ਇਨ੍ਹਾਂ ਦੇ ਵੱਡੇ ਵੱਡੇ ਉਦਯੋਗ ਅਤੇ ਵਪਾਰਕ ਕੰਪਨੀਆਂ ਹਨ। ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਵਪਾਰਿਕ ਰੁਚੀਆਂ ਵਾਲਾ ਹੋਣ ਕਾਰਨ, ਯਹੂਦੀਆਂ ਨਾਲ ਵੀ ਸੁਰ ਮਿਲ ਗਈ। ਹੌਲੀ ਹੌਲੀ ਯਹੂਦੀ ਅਤੇ ਮੁਸਲਿਮ ਦੇਸ਼ਾਂ ਦੇ ਰਾਜ ਸੱਤਾ ਵਿੱਚ ਬੈਠੇ ਲੋਕਾਂ ਵਿੱਚ ਹੰਕਾਰ ਵਧ ਗਿਆ। ਯਹੂਦੀ ਆਪਣਾ ਖੇਤਰ ਵਧਾਉਂਦੇ ਹੋਏ ਅਰਬ ਦੇਸ਼ਾਂ ਦੇ ਖੇਤਰ ਹੜੱਪਣ ਲੱਗਿਆ। ਅਮਰੀਕਾ, ਆਪਣੇ ਜੰਗੀ ਬੇੜਿਆਂ ਨਾਲ ਜੰਗੀ ਸਾਜ਼ੋ-ਸਮਾਨ ਇਜ਼ਰਾਇਲ ਦੀ ਮਦਦ ਵਾਸਤੇ ਭੇਜਣ ਲੱਗਿਆ। ਇਸ ਦੇ ਫਲਸਰੂਪ ਵਰਤਮਾਨ ਯੁੱਧ ਦਾ ਮੁੱਢ ਬੱਝਾ। ਭਾਵੇਂ ਬਹੁਤ ਸਾਰੇ ਵਿਚੋਲਿਆਂ ਦੀ ਸਹਾਇਤਾ ਨਾਲ ਜੰਗਬੰਦੀ ਦਾ ਐਲਾਨ ਹੋ ਜਾਂਦਾ ਹੈ, ਪਰ ਪਰਮਾਣੂ ਸ਼ਕਤੀ ਦਾ ਡਰਾਵਾ ਦੇ ਕੇ ਦੋਨੋਂ ਗਰੁੱਪ, ਤੀਸਰੇ ਮਹਾਂਯੁੱਧ ਵਿੱਚ ਦੁਨੀਆਂ ਨੂੰ ਝੋਕਣ ਲਈ ਤਿਆਰ ਰਹਿੰਦੇ ਹਨ। ਜਿਵੇਂ ਕਹਿੰਦੇ "ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ"।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #63940ਏ ਚੰਡੀਗੜ੍ਹ। ਫੋਨ ਨੰਬਰ : 9878469639**

**ਅਮਰਜੀਤ ਸਿੰਘ ਤੂਰ**

# 'ਸ਼੍ਰੋਮਣੀ ਪੁਰਸਕਾਰ' ਲੇਖ ਲੜੀ-5

## ਇਸ ਵਾਰ ਦੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਵਿਚ ਭਾਸ਼ਾ ਵਿਭਾਗ ਦੀ ਕਾਰਗੁਜ਼ਾਰੀ



**ਮਿੱਤਰ ਸੈਨ ਮੀਤ**

**ਜੋੜਨ ਲਈ ਪਿਛਲਾ ਅੰਕ ਦੇਖੋ**

ਉਨ੍ਹਾਂ ਅਨੁਸਾਰ, 'ਬਹੁਤ ਵਾਰ ਵੱਡੇ ਲੇਖਕ ਇਨਾਮਾਂ ਦੀ ਬਹੁਤੀ ਪਰਵਾਹ ਨਹੀਂ ਕਰਦੇ ਅਤੇ ਪੰਜਾਬ ਤੋਂ ਬਾਹਰ ਰਹਿੰਦੇ ਲੇਖਕਾਂ ਨੂੰ ਇੰਨਾ ਇਨਾਮਾਂ ਬਾਰੇ ਜਾਣਕਾਰੀ ਤੱਕ ਨਹੀਂ ਹੁੰਦੀ। … ਮੈਂ ਜਿੰਨਾਂ ਸੱਤ ਲੇਖਕਾਂ ਦੇ ਜੀਵਣ ਵੇਰਵੇ ਵਿਭਾਗ ਨੂੰ ਭੇਜੇ ਸਨ, ਉਹ ਸਾਰੇ ਮੈਂ ਉਹਨਾਂ ਨੂੰ ਖ਼ੁਦ ਪਹੁੰਚ ਕਰਕੇ ਮੰਗਵਾਏ ਸਨ। ਕਿਉਂਕਿ ਮੈਂ ਸਮਝਦਾ ਸੀ ਕਿ ਪਿਛਲੇ ਸਮੇਂ ਵਿੱਚ ਉਹਨਾਂ ਦੀ ਘੋਰ ਅਣਦੇਖੀ ਹੋਈ ਹੈ। ਇਹ ਇਨਾਮ ਉਹਨਾਂ ਨੂੰ ਬਹੁਤ ਪਹਿਲਾਂ ਮਿਲ ਜਾਣੇ ਚਾਹੀਦੇ ਸਨ। ….'। ਵਿਭਾਗ ਦੀ ਇਸ ਸੁਸਤੀ ਕਾਰਨ ਕਈ ਵੱਡੇ ਲੇਖਕ ਸਨਮਾਨਿਤ ਹੋਣੋ ਰਹਿ ਗਏ।

ਭਾਸ਼ਾ ਵਿਭਾਗ ਵੱਲੋਂ ਸਾਹਿਤਕਾਰਾਂ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਦੇ ਜੋ ਜੀਵਨ ਵੇਰਵੇ ਤਿਆਰ ਕੀਤੇ ਗਏ ਸਨ ਉਨ੍ਹਾਂ ਵਿਚ ਦਰਜ ਸੂਚਨਾ ਅਧੂਰੀ ਸੀ। ਕਈ ਜੀਵਨ ਵੇਰਵਿਆਂ ਵਿਚ ਤਾਂ ਉਸ ਵਿਅਕਤੀ ਵੱਲੋਂ ਪਿਛਲੇ ਦਸ ਸਾਲਾਂ ਵਿਚ ਕੀਤੇ ਮਹੱਤਵਪੂਰਣ ਕੰਮਾਂ ਅਤੇ ਪ੍ਰਾਪਤੀਆਂ ਦਾ ਜ਼ਿਕਰ ਤੱਕ ਨਹੀਂ ਸੀ ਕੀਤਾ ਗਿਆ। ਅਜਿਹੀਆਂ ਅਣਗਹਿਲੀਆਂ ਕਾਰਨ ਹੀ, ਜੀਵਨ ਵੇਰਵੇ ਤਿਆਰ ਕਰਦੇ ਸਮੇਂ, ਭਾਸ਼ਾ ਵਿਭਾਗ ਨੂੰ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਉਸ ਵੱਲੋਂ ਸੁਝਾਏ ਗਏ ਨਾਂਵਾਂ ਵਿਚ ਕਈ ਮ੍ਰਿਤਕਾਂ ਦੇ ਨਾਂ ਵੀ ਸ਼ਾਮਲ ਹੋ ਗਏ ਹਨ। ਜਿਵੇਂ ਜਸਦੇਵ ਸਿੰਘ ਧਾਲੀਵਾਲ, ਕੇ.ਦੀਪ ਅਤੇ ਬਲਬੀਰ ਸਿੰਘ ਬੀਲ੍ਹਾ। ਬੀਲ੍ਹਾ ਸਾਹਿਬ ਤਾਂ 2012 ਵਿਚ ਹੀ ਚੜਾਈ ਕਰ ਗਏ ਸਨ। ਉਨ੍ਹਾਂ ਨੂੰ ਸ਼੍ਰੋਮਣੀ ਰਾਗੀ ਪੁਰਸਕਾਰ ਲਈ ਚੁਣ ਵੀ ਲਿਆ ਗਿਆ ਹੈ। ਆਪਣੇ 'ਅਨੁਪੂਰਕ ਏਜੰਡਾ'ਵਿਚ ਭਾਸ਼ਾ ਵਿਭਾਗ ਨੇ ਜਿਹੜੇ 24 ਨਵੇਂ ਨਾਂ ਸ਼ਾਮਲ ਕੀਤੇ ਹਨ ਉਨ੍ਹਾਂ ਦੇ ਜੀਵਨ ਵੇਰਵੇ ਵੀ ਏਜੰਡੇ ਵਿਚ ਸ਼ਾਮਲ ਕੀਤੇ ਗਏ ਸਨ। ਹੈਰਾਨੀ ਵਾਲੀ ਗੱਲ ਹੈ ਕਿ ਈਸ਼ਵਰ ਨਾਹਿਦ ਅਤੇ ਦਰਸ਼ਨ ਢਿੱਲੋਂ ਦੇ ਜੀਵਨ ਵੇਰਵਿਆਂ ਵਾਲੇ ਸਾਰੇ ਕਾਲਮ ਖਾਲੀ ਛੱਡੇ ਦਿੱਤੇ ਗਏ ਸਨ।

ਪੰਜਾਬ ਸਰਕਾਰ ਵਲੋਂ 'ਇਨਾਮਾਂ ਦੀ ਚੋਣ ਸਬੰਧੀ ਨਵੀਂ ਪਾਲਿਸੀ ਨਿਰਧਾਤਰ' ਕਰਨ ਲਈ ਇਕ ਸਬ-ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦੀ ਮੀਟਿੰਗ 8 ਸਤੰਬਰ 2009 ਨੂੰ ਹੋਈ ਸੀ। ਇਸ ਕਮੇਟੀ ਵਲੋਂ ਇਕ ਇਹ ਫੈਸਲਾ ਕੀਤਾ ਗਿਆ ਕਿ ਇਕ ਵਿਦਵਾਨ/ਲੇਖਕ/ਕਲਾਕਾਰ ਦਾ ਨਾਂ ਪੁਰਸਕਾਰ ਦੇ ਕੇਵਲ ਇੱਕ ਹੀ ਪੈਨਲ ਵਿੱਚ ਸ਼ਾਮਲ ਕੀਤਾ ਜਾਵੇ। ਪਰ ਜੇ ਕਿਸੇ ਇਕ ਵਿਦਵਾਨ ਦਾ ਨਾਂ ਇਕ ਤੋਂ ਜ਼ਿਆਦਾ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ ਹੋਵੇ ਤਾਂ ਵਿਭਾਗ ਆਪਣੀ ਪੱਧਰ ਤੇ ਉਸ ਵਿਦਵਾਨ ਦਾ ਨਾਂ, ਉਸ ਵੱਲੋਂ ਸਾਹਿਤ ਦੀ ਜਿਸ ਵਿਧਾ ਵਿੱਚ ਜ਼ਿਆਦਾ ਯੋਗਦਾਨ ਹੋਵੇ, ਉਸ ਸ਼੍ਰੇਣੀ ਵਿੱਚ ਸ਼ਾਮਲ ਕਰ ਲਵੇ। ਸ਼ਾਇਦ ਭਾਸ਼ਾ ਵਿਭਾਗ ਦੇ ਸਬੰਧਿਤ ਅਧਿਕਾਰੀਆਂ ਨੂੰ ਕਮੇਟੀ ਦੇ ਇਸ ਫੈਸਲੇ ਦਾ ਪਤਾ ਨਹੀਂ ਸੀ। ਇਸੇ ਲਈ ਵਿਭਾਗ ਵਲੋਂ ਕਈ ਵਿਦਵਾਨਾਂ ਦਾ ਨਾਂ ਵੱਖ ਵੱਖ ਪੁਰਸਕਾਰਾਂ ਲਈ ਤਿਆਰ ਕੀਤੀਆਂ ਸੂਚੀਆਂ ਵਿਚ ਦੋ ਦੋ ਵਾਰ ਪਾ ਦਿਤਾ ਗਿਆ। ਜਿਵੇਂ ਕਿ ਡਾ.ਰਵੀ ਰਵਿੰਦਰ ਦਾ 'ਅਲੋਚਕਾਂ' ਵਾਲੀ ਅਤੇ 'ਸਾਹਿਤਕਾਰਾਂ' ਵਾਲੀਆਂ ਸੂਚੀਆਂ ਵਿਚ। ਜਗੀਰ ਸਿੰਘ ਜਗਤਾਰ ਦਾ 'ਪੱਤਰਕਾਰ' ਅਤੇ 'ਸਾਹਿਤਕ ਪੱਤਰਕਾਰ' ਵਾਲੀਆਂ ਸੂਚੀਆਂ ਵਿਚ। ਬਲਬੀਰ ਪਰਵਾਨਾ ਦਾ 'ਪੱਤਰਕਾਰ' ਅਤੇ 'ਸਾਹਿਤਕਾਰ' ਵਾਲੀਆਂ ਸੂਚੀਆਂ ਵਿਚ ਆਦਿ। ਸਪੱਸ਼ਟ ਤੌਰ ਤੇ ਭਾਸ਼ਾ ਵਿਭਾਗ ਦਾ ਇਹ ਰਵੱਈਆ ਪੱਖਪਾਤੀ ਸੀ। ਇਹ ਅਣਗਹਿਲੀ ਨਹੀਂ ਸਗੋਂ ਕੁੱਝ ਖਾਸ ਵਿਅਕਤੀਆਂ ਵੱਲ ਹੇਜ ਦਾ ਪ੍ਰਗਟਾਵਾ ਸੀ। ਬਾਅਦ ਵਿੱਚ ਇਨ੍ਹਾਂ ਤਿੰਨਾਂ ਦਾ, ਕਿਸੇ ਨਾ ਕਿਸੇ ਪੁਰਸਕਾਰ ਲਈ ਚੁਣੇ ਜਾਣਾ ਇਸ ਦਾ ਸਬੂਤ ਹੈ।

ਭਾਸ਼ਾ ਵਿਭਾਗ ਦੇ ਸਬੰਧਿਤ ਅਧਿਕਾਰੀਆਂ ਨੇ ਪਿਛਲੇ ਸਲਾਹਕਾਰ ਬੋਰਡਾਂ ਦੇ ਫੈਸਲਿਆਂ ਅਤੇ ਆਪ ਹੀ ਬਣਾਏ 'ਵਿਆਖਿਆ ਪੱਤਰ' ਵਿਚ ਪੁਰਸਕਾਰਾਂ ਵਿਚ ਦਰਜ ਸ਼ਰਤਾਂ ਤੇ ਵੀ ਨਜ਼ਰ ਨਹੀਂ ਸੀ ਮਾਰੀ। ਸਾਹਿਤ ਵਿਚ ਥੋੜੀ ਬਹੁਤ ਮੱਸ ਰੱਖਣ ਵਾਲੇ ਵਿਅਕਤੀ ਨੂੰ ਵੀ ਪਤਾ ਹੈ ਕਿ ਸਾਲ 2008 ਵਿਚ ਸਲਾਕਾਰ ਬੋਰਡ ਦੇ ਸੱਤ ਮੈਂਬਰਾਂ ਨੇ ਆਪਣੇ ਆਪ ਨੂੰ ਅਤੇ ਇਕ ਨੇ ਆਪਣੇ ਜੀਵਨ ਸਾਥੀ ਨੂੰ ਪੁਰਸਕਾਰ ਲਈ ਚੁਣ ਲਿਆ ਸੀ। ਬੋਰਡ ਦੇ ਇਸ ਫੈਸਲੇ ਨੂੰ ਸ਼੍ਰੀ ਪਰਦੀਪ ਜੋਸ਼ੀ ਵਲੋਂ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਸੁਣਵਾਈ ਦੌਰਾਣ ਪੰਜਾਬ ਸਰਕਾਰ ਵਲੋਂ ਹਾਈ ਕੋਰਟ ਨੂੰ ਹਲਫੀਆ ਬਿਆਨ ਰਾਹੀਂ ਭਰੋਸਾ ਦਿੱਤਾ ਗਿਆ ਸੀ ਕਿ ਸਰਕਾਰ ਪੁਰਸਕਾਰਾਂ ਸਬੰਧੀ ਇਕ ਨੀਤੀ ਤਿਆਰ ਕਰੇਗੀ ਅਤੇ ਇਹ ਯਕੀਨੀ ਬਣਾਵੇਗੀ ਕਿ ਬੋਰਡ ਦੇ ਮੈਂਬਰਾਂ ਦੇ ਨਿੱਜੀ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣ। ਇਸ ਭਰੋਸੇ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਵਲੋਂ ਨਵੀਂ ਪੁਰਸਕਾਰ ਨੀਤੀ ਤਿਆਰ ਕਰਨ ਲਈ ਬਣਾਈ ਗਈ ਕਮੇਟੀ ਵਲੋਂ ਸੁਝਾਅ ਦਿੱਤਾ ਗਿਆ ਸੀ 'ਕਿ ਰਾਜ ਸਲਾਹਕਾਰ ਬੋਰਡ ਦਾ ਮੈਬਰ ਮੌਜੂਦਾ ਸਾਲ (ਭਾਵ ਜਿਸ ਸਾਲ ਲਈ ਮੀਟਿੰਗ ਹੋ ਰਹੀ ਹੋਵੇ) ਦੇ ਕਿਸੇ ਪੁਰਸਕਾਰ ਲਈ ਨਹੀਂ ਚੁਣਿਆ ਜਾਣਾ ਚਾਹੀਦਾ। ਪਰੰਤੂ ਜੇਕਰ ਬੋਰਡ ਦਾ ਕੋਈ ਮੈਂਬਰ ਆਪਣਾ ਨਾ ਵਿਭਾਗ ਦੇ ਕਿਸੇ ਪੁਰਸਕਾਰ ਦੇ ਪੈਨਲ ਵਿਚ ਸ਼ਾਮਲ ਕਰਵਾਉਣ ਦਾ ਇਛਕ ਹੋਵੇ ਤਾਂ ਉਸ ਵੱਲੋਂ ਪਹਿਲਾਂ ਬੋਰਡ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣਾ ਹੋਵੇਗਾ। ਉਸ ਵੱਲੋਂ ਅਸਤੀਫ਼ਾ ਦੇਣ ਦੀ ਮਿਤੀ ਤੋਂ ਇੱਕ ਸਾਲ ਦੇ ਵਕਫੇ ਲਈ ਉਸ ਦਾ ਨਾਂ ਕਿਸੇ ਪੁਰਸਕਾਰ ਲਈ ਨਹੀ ਵਿਚਾਰਿਆ ਜਾਣਾ ਚਾਹੀਦਾ। ਭਾਵ ਉਸ ਦਾ ਨਾਂ ਅਗਲੇ ਸਾਲ ਦੇ ਪੁਰਸਕਾਰਾਂ ਲਈ ਤਿਆਰ ਕੀਤੇ ਜਾਣ ਵਾਲੇ ਪੈਨਲ ਵਿੱਚ ਹੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। 22 ਫਰਵਰੀ 2010 ਨੂੰ ਪੁਰਸਕਾਰਾਂ ਦੀ ਚੋਣ ਲਈ ਬਣੀ ਸਕਰੀਨਿੰਗ ਕਮੇਟੀ ਵਲੋਂ ਇਸ ਸੁਝਾਅ ਨੂੰ ਅੰਤਿਮ ਰੂਪ ਦੇ ਕੇ ਲਾਗੂ ਵੀ ਕਰ ਦਿੱਤਾ ਗਿਆ। ਸਲਾਹਕਾਰ ਬੋਰਡ ਦੀ ਅਗਲੀ ਲੱਗਭੱਗ ਹਰ ਮੀਟਿੰਗ ਵਿਚ ਇਸ ਫ਼ੈਸਲੇ ਦਾ ਜ਼ਿਕਰ ਅਤੇ ਸਮੱਰਥਨ ਹੁੰਦਾ ਰਿਹਾ।

ਭਾਸ਼ਾ ਵਿਭਾਗ ਵਲੋਂ ਸਲਾਹਕਾਰ ਬੋਰਡ ਅਤੇ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਨੂੰ 24 ਨਵੰਬਰ 2020 ਨੂੰ ਭੇਜੇ ਗਏ ਮੀਟਿੰਗ ਦੇ ਏਜੰਡੇ ਵਿਚ ਮੈਂਬਰਾਂ ਵਲੋਂ ਆਪਣੇ ਨਾਂ ਨਾ ਵਿਚਾਰੇ ਜਾਣ ਬਾਰੇ ਜਾਣਕਾਰੀ ਤਾਂ ਦਿੱਤੀ ਗਈ ਪਰ ਇਹ ਨਹੀਂ ਦੱਸਿਆ ਗਿਆ ਕਿ ਅਸਤੀਫ਼ਾ ਦੇਣ ਵਾਲੇ ਇਕ ਮੈਂਬਰ ਦਾ ਆਪਣਾ ਨਾਂ ਅਤੇ ਦੂਜੇ ਦੀ ਜੀਵਨ ਸਾਥਨ ਦਾ ਨਾਂ, ਇਨ੍ਹਾਂ (ਸਾਲ 2015 ਤੋਂ ਸਾਲ 2020 ਵਾਲੇ) ਪੁਰਸਕਾਰਾਂ ਲਈ ਨਹੀਂ ਵਿਚਾਰਿਆ ਜਾ ਸਕਦਾ। ਭਾਸ਼ਾ ਵਿਭਾਗ ਦੀ ਇਸ ਅਣਗਹਿਲੀ ਕਾਰਨ ਹਾਈ ਕੋਰਟ ਦੇ ਨਿਰਦੇਸ਼ ਅਤੇ ਸਲਾਹਕਾਰ ਬੋਰਡ ਦੇ ਫੈਸਲੇ ਦੀ ਉਲੰਘਣਾ ਹੋਈ ਅਤੇ ਦੋ ਅਯੋਗ ਉਮੀਦਵਾਰ ਪੁਰਸਕਾਰਾਂ ਲਈ ਚੁਣੇ ਜਾਣ ਵਿਚ ਸਫਲ ਹੋ ਗਏ।

'ਵਿਆਖਿਆ ਪੱਤਰ'ਵਿਚ ਦਰਜ ਸ਼ਰਤਾਂ ਅਨੁਸਾਰ 'ਸ਼੍ਰੋਮਣੀ ਹਿੰਦੀ ਸਾਹਿਤਕਾਰ' ਪੁਰਸਕਾਰ ਲਈ ਕੇਵਲ ਉਹੋ ਸਾਹਿਤਕਾਰ ਯੋਗ ਹੋ ਸਕਦਾ 'ਜੋ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ' ਅਤੇ 'ਉਸ ਦਾ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ—ਘੱਟ 10 ਸਾਲ ਦਾ ਹੋਵੇ'। ਪ੍ਰੋ ਚਮਨ ਲਾਲ ਵਲੋਂ, ਜੋ ਹਿੰਦੀ ਭਾਸ਼ਾ ਸ਼੍ਰੇਣੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਇਸ ਪੁਰਸਕਾਰ ਲਈ 7 ਨਾਂ ਸੁਝਾਏ ਗਏ ਹਨ। ਇਨ੍ਹਾਂ ਵਿਚੋਂ 5 ਸਾਹਿਤਕਾਰ ਅਣਵੰਡੇ ਪੰਜਾਬ ਵਿਚ ਪੈਦਾ ਹੋਏ ਸਨ। ਸਕਰਰੀਨਿੰਗ ਕਮੇਟੀ ਵਲੋਂ ਇਨ੍ਹਾਂ ਵਿਚੋਂ 4 ਨਾਂ ਆਪਣੇ ਪੈਨਲਾਂ ਵਿਚ ਇਸ ਪੁਰਸਕਾਰ ਲਈ ਨਹੀਂ ਸਨ ਪਾਏ ਗਏ ਕਿਉਂਕਿ ਇਸ ਸਮੇਂ ਉਹ ਪੰਜਾਬ ਤੋਂ ਬਾਹਰ ਰਹਿ ਰਹੇ ਸਨ। ਸਕਰੀਨਿੰਗ ਕਮੇਟੀ ਅਨੁਸਾਰ, ਉਸ ਨੇ ਇੰਝ ਭਾਸ਼ਾ ਵਿਭਾਗ ਵਲੋਂ ਇਸ ਨਿਯਮ ਦੀ ਇਸੇ ਤਰਾਂ ਕੀਤੀ ਵਿਆਖਿਆ ਦੇ ਅਧਾਰ ਤੇ ਕੀਤਾ ਸੀ। ਸਕਰੀਨਿੰਗ ਕਮੇਟੀ ਅਤੇ ਭਾਸ਼ਾ ਵਿਭਾਗ ਦੀ ਇਹ ਵਿਆਖਿਆ ਸਰਾ ਸਰ ਗਲਤ ਸੀ। ਇਹ ਸਾਰੇ ਸਾਹਿਤਕਾਰ ਪੰਜਾਬ ਵਿਚ ਜਨਮੇ ਹੋਣ ਦੇ ਅਧਾਰ ਤੇ ਇਸ ਪੁਰਸਕਾਰ ਦੀਆਂ ਸ਼ਰਤਾਂ ਪੂਰੀਆਂ ਕਰਦੇ ਸਨ। ਸਲਾਹਕਾਰ ਬੋਰਡ ਦੀ ਮੀਟਿੰਗ ਵਿਚ, ਪ੍ਰੋ. ਚਮਨ ਲਾਲ ਵਲੋਂ ਇਸ ਨਿਯਮ ਦੀ ਕੀਤੀ ਵਿਆਖਿਆ ਨਾਲ ਸਹਿਮਤੀ ਪ੍ਰਗਟਾਈ ਗਈ ਅਤੇ ਪੈਨਲ ਵਿਚੋਂ ਬਾਹਰ ਰੱਖੀ ਗਈ ਰਾਜੀ ਸੇਠ ਨੂੰ ਇਹ ਪੁਰਸਕਾਰ ਦੇ ਦਿੱਤਾ ਗਿਆ। ਪਰ ਇਸ ਗਲਤ ਵਿਆਖਿਆ ਕਾਰਨ ਕਈ ਹੋਰ ਸਾਹਿਤਕਾਰ ਆਪਣਾ ਹੱਕ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਗਏ। ਪ੍ਰੋ. ਚਮਨ ਲਾਲ ਨੇ, ਭਾਸ਼ਾ ਵਿਭਾਗ ਦੇ ਅਧਿਕਾਰੀਆਂ ਦੇ ਇਸ ਗੈਰ-ਜ਼ਿੰਮੇਵਾਰਨਾ ਵਿਹਾਰ ਦਾ ਜ਼ਿਕਰ, ਭਾਸ਼ਾ ਮੰਤਰੀ ਨੂੰ ਲਿਖੀ ਆਪਣੀ ਚਿੱਠੀ ਵਿਚ ਵੀ ਕੀਤਾ ਹੈ। ਉਨ੍ਹਾਂ ਅਨੁਸਾਰ ''… ਭਾਸ਼ਾ ਵਿਭਾਗ ਦੇ ਅਧਿਕਾਰੀ ਉਨੇ ਇਨਸਾਫ਼ ਪਸੰਦ ਨਹੀਂ ਰਹੇ। ਮੈਨੂੰ ਮੀਟਿੰਗ ਦੇ (ਸਲਾਹਕਾਰ ਬੋਰਡ ਦੀ) ਸ਼ੁਰੂ ਵਿੱਚ ਹੀ ਇਸ ਗੱਲ ਵੱਲ ਧਿਆਨ ਦੁਆਉਣਾ ਪਿਆ ਕਿ ਭਾਸ਼ਾ ਵਿਭਾਗ ਦੇ ਇਨਾਮਾਂ ਸੰਬੰਧੀ ਨਿਯਮ ਦੀ ਅਧਿਕਾਰੀਆਂ ਵੱਲੋਂ ਗਲਤ ਵਿਆਖਿਆ ਕਰਨ ਨਾਲ ਹਿੰਦੀ ਦੇ ਕਈ ਲੇਖਕਾਂ ਨੂੰ ਪੈਨਲ ਵਿੱਚ ਰਖਿਆ ਹੀ ਨਹੀਂ ਗਿਆ। ਹਿੰਦੀ, ਉਰਦੂ, ਸੰਸਕ੍ਰਿਤ ਅਤੇ ਪੰਜਾਬੀ ਦੀਆਂ ਕੁਝ ਵਿਧਾਵਾਂ ਲਈ ਭਾਸ਼ਾ ਵਿਭਾਗ ਦੇ ਇਨਾਮਾਂ ਦਾ ਸਪੱਸ਼ਟ ਨਿਯਮ ਹੈ ਕਿ ਲੇਖਕ ਪੰਜਾਬ ਦਾ ਜਮਪਲ ਹੋਵੇ ਜਾਂ ਦਸ ਸਾਲ ਤੱਕ ਲਗਾਤਾਰ ਪੰਜਾਬ ਦਾ ਅਧੀਵਾਸੀ ਹੋਵੇ। ਅਧਿਕਾਰੀਆਂ ਨੇ ਇਹ ਵਿਆਖਿਆ ਦਿੱਤੀ ਕਿ ਲੇਖਕ ਨੂੰ ਪੰਜਾਬ ਦਾ ਵਾਸੀ ਹੋਣਾ ਚਾਹੀਦਾ ਹੈ, ਜੋ ਸਰਾਸਰ ਗਲਤ ਵਿਆਖਿਆ ਸੀ। (ਸਲਾਹਕਾਰ ਬੋਰਡ ਵਲੋਂ) ਮੇਰੇ ਇਤਰਾਜ਼ ਨੂੰ ਸਹੀ ਸਮਝਿਆ ਗਿਆ ਅਤੇ ਛੇ ਵਿਚੋਂ ਇੱਕ ਲੇਖਕ ਰਾਜੀ ਸੇਠ ਨੂੰ ਇਨਾਮ ਲਈ ਚੁਣ ਵੀ ਲਿਆ ਗਿਆ।'

ਇੱਥੇ ਹੀ ਬਸ ਨਹੀਂ। ਇਕ ਹੋਰ ਉਦਾਹਰਣ ਦੇਖੋ। 'ਵਿਆਖਿਆ ਪੱਤਰ'ਵਿਚ ਦਰਜ ਸ਼ਰਤਾਂ ਅਨੁਸਾਰ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ)'ਪੁਰਸਕਾਰ ਦੇ ਕੇਵਲ ਉਹੋ ਸਾਹਿਤਕਾਰ ਯੋਗ ਹੋ ਸਕਦਾ ਜੋ 'ਕਿਸੇ ਹੋਰ ਪ੍ਰਾਂਤ ਦਾ ਜੰਮਪਲ ਹੋਵੇ ਜਾਂ ਕਿਸੇ ਹੋਰ ਪ੍ਰਾਂਤ ਵਿਚ ਪਿਛਲੇ ਘੱਟੋ-ਘੱਟ 10 ਸਾਲ ਤੋਂ ਵਾਸੀ/ਅਧਿਵਾਸੀ ਹੋਵੇ ਅਤੇ ਹੁਣ ਵੀ ਉਹ ਪੰਜਾਬ ਤੋਂ ਬਾਹਰ ਕਿਸੇ ਹੋਰ ਪ੍ਰਾਂਤ ਵਿਚ ਰਹਿ ਰਿਹਾ ਹੋਵੇ।' ਡਾ ਰਵਿੰਦਰ ਰਵੀ ਨੂੰ ਦਿੱਲੀ ਗਿਆਂ ਕੇਵਲ 7 ਸਾਲ ਹੋਏ ਹਨ। ਸ਼ਰਤਾਂ ਪੂਰੀਆਂ ਨਾ ਹੋਣ ਦੇ ਬਾਵਜੂਦ ਸਕਰੀਨਿੰਗ ਕਮੇਟੀ ਵਲੋਂ ਉਨ੍ਹਾਂ ਦਾ ਨਾਂ ਇਸ ਪੁਰਸਕਾਰ ਵਾਲੇ ਪੈਨਲ ਵਿਚ ਸ਼ਾਮਲ ਕੀਤਾ ਗਿਆ ਅਤੇ ਭਾਸ਼ਾ ਵਿਭਾਗ ਦੇ ਉੱਚ ਅਧਿਕਾਰੀ ਨੇ ਕਮੇਟੀ ਨੂੰ ਇਸ ਨਿਯਮ ਦੀ ਹੋ ਰਹੀ ਉਲੰਘਣਾ ਬਾਰੇ ਸੁਚੇਤ ਨਹੀਂ ਕੀਤਾ। ਭਾਸਾ ਵਿਭਾਗ ਦੀ ਇਸ ਅਣਗਹਿਲੀ ਕਾਰਨ, ਅਯੋਗ ਹੁੰਦੇ ਹੋਏ ਵੀ ਡਾ. ਰਵੀ ਨੂੰ ਇਹ ਪੁਰਸਕਾਰ ਮਿਲ ਗਿਆ।

ਇਸ ਵਾਰ ਛੇ ਸਾਲਾਂ ਦੇ 108 ਪੁਰਸਕਾਰ ਦਿੱਤੇ ਜਾਣੇ ਸਨ। ਭਾਸ਼ਾ ਵਿਭਾਗ ਦਾ ਫ਼ਰਜ਼ ਬਣਦਾ ਸੀ ਕਿ ਉਹ ਹਰ ਸਾਲ ਲਈ, ਯੋਗ ਉਮੀਦਵਾਰਾਂ ਦੀਆਂ, ਵੱਖ-ਵੱਖ ਸੂਚੀਆਂ ਬਣਾਉਂਦਾ। ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਦੀ ਹਰ ਸ਼੍ਰੇਣੀ ਲਈ ਇੱਕ-ਇੱਕ ਸੂਚੀ ਹੀ ਬਣਾਈ ਗਈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਦਾ, ਸਕਰੀਨਿੰਗ ਕਮੇਟੀ ਦੇ ਕਨਵੀਨਰ ਵਜੋਂ ਇਹ ਫ਼ਰਜ਼ ਸੀ ਕਿ ਜਦੋਂ ਸਕਰੀਨਿੰਗ ਕਮੇਟੀ, ਵੱਖ ਵੱਖ ਸਾਲਾਂ ਦੇ ਪੁਰਸਕਾਰਾਂ ਲਈ ਉਮੀਦਵਾਰਾਂ ਦੇ ਪੈਨਲ ਬਣਾ ਰਹੀ ਸੀ ਤਾਂ ਉਹ ਕਮੇਟੀ ਮੈਂਬਰਾਂ ਦੇ ਧਿਆਨ ਲਿਆਦਾ ਜਾਂਦਾ ਕਿ ਹਰ ਉਮੀਦਵਾਰ, ਹਰ ਸਾਲ ਦੇ ਪੁਰਸਕਾਰ ਲਈ ਯੋਗ ਹੁੰਦਾ ਹੈ। ਕਿਸੇ ਉਮੀਦਵਾਰ ਨੂੰ ਇੱਕ ਸਾਲ ਦੇ ਪੈਨਲ ਵਿਚ ਸ਼ਾਮਲ ਕਰਕੇ ਉਸ ਨੂੰ ਬਾਕੀ ਸਾਲਾਂ ਦੇ ਪੈਨਲਾਂ ਵਿਚੋਂ ਬਾਹਰ ਨਹੀਂ ਕੀਤਾ ਜਾ ਸਕਦਾ। ਪੈਨਲ ਬਣਾਉਂਦੇ ਸਮੇਂ, ਸਕਰੀਨਿੰਗ ਕਮੇਟੀ ਵੱਲੋਂ, ਇੱਕ ਉਮੀਦਵਾਰ ਨੂੰ ਕੇਵਲ ਇੱਕ ਸਾਲ ਦੇ ਪੈਨਲ ਵਿਚ ਹੀ ਸ਼ਾਮਲ ਕੀਤਾ ਗਿਆ। ਘੱਟੋ-ਘੱਟ ਜਿਹੜਾ ਸਾਹਿਤਕਾਰ ਸਾਲ 2015 ਦੇ ਪੁਰਸਕਾਰ ਦੇ ਯੋਗ ਮੰਨਿਆ ਗਿਆ, ਪਰ ਕਿਸੇ ਕਾਰਨ ਉਸ ਸਾਲ ਪੁਰਸਕਾਰ ਲਈ ਨਹੀਂ ਚੁਣਿਆ ਜਾ ਸਕਿਆ, ਉਹ ਅਗਲੇ ਸਾਲਾਂ ਦੇ ਪੁਰਸਕਾਰ ਲਈ ਆ ਯੋਗ ਰਹੇਗਾ। ਪੁਰਸਕਾਰਾਂ ਦੇ ਯੋਗ ਹੋਣ ਦੇ ਬਾਵਜੂਦ ਅਜਿਹੀਆਂ ਸ਼ਖ਼ਸੀਅਤਾਂ ਦੇ ਨਾਂ ਬਾਕੀ ਸਾਲਾਂ ਦੇ ਪੈਨਲਾਂ ਵਿਚ ਸ਼ਾਮਲ ਨਹੀਂ ਕੀਤੇ ਗਏ। ਭਾਸ਼ਾ ਵਿਭਾਗ ਦੀ ਇਸ ਬੱਜਰ ਗਲਤੀ ਅਤੇ ਅਨਿਯਮਤਤਾ ਕਾਰਨ ਬੀਸੀਆਂ ਉਮੀਦਵਾਰਾਂ ਦਾ ਹੱਕ ਮਾਰਿਆ ਗਿਆ।

ਇਸ ਵਾਰ ਪੁਰਸਕਾਰਾਂ ਦੀ ਗਿਣਤੀ ਜਿਆਦਾ ਸੀ ਅਤੇ ਰਾਸ਼ੀ ਵੀ ਚੋਖੀ ਸੀ। ਸਲਾਹਾਕਾਰ ਬੋਰਡ ਦੇ ਮੈਂਬਰਾਂ ਦੀ ਗਿਣਤੀ 49 ਸੀ। ਭਾਸ਼ਾ ਵਿਭਾਗ ਦਾ ਫਰਜ਼ ਸੀ ਕਿ ਉਹ ਸਲਾਹਾਕਾਰ ਬੋਰਡ ਦੇ ਹਰ ਮੈਂਬਰ ਨਾਲ ਤਾਲਮੇਲ ਰੱਖਦਾ ਅਤੇ ਪੁਰਸਕਾਰ ਨਾਲ ਸਬੰਧਤ ਹਰ ਗਤੀਵਿਧੀ ਬਾਰੇ ਉਚਿਤ ਸਮੇਂ ਤੇ ਹਰ ਮੈਂਬਰਾਂ ਨੂੰ ਸੂਚਿਤ ਕਰਦਾ। ਤਾਂ ਜੋ ਮੈਂਬਰਾਂ ਨੂੰ ਆਪਣਾ ਹੋਮ ਵਰਕ ਕਰਨ ਲਈ ਖੁੱਲ੍ਹਾ ਸਮਾਂ ਮਿਲ ਸਕਦਾ ਅਤੇ ਉਹ ਪੁਰਸਕਾਰਾਂ ਦੇ ਹੱਕੀ ਉਮੀਦਵਾਰਾਂ ਬਾਰੇ ਆਪਣੀ ਸਹੀ ਅਤੇ ਨਿਰਪੱਖ ਰਾਏ ਬਣਾ ਸਕਦੇ। 6 ਮਹੀਨੇ ਦਾ ਸਮਾਂ ਹੋਣ ਦੇ ਬਾਵਜੂਦ ਭਾਸ਼ਾ ਵਿਭਾਗ ਨੇ 24 ਨਵੰਬਰ ਤੱਕ ਘਸੇਲ ਵੱਟੀ ਰੱਖੀ। ਮੈਂਬਰਾਂ ਨੂੰ ਕਰੀਬ 224 ਪੰਨਿਆਂ ਦਾ ਪੁਹਲਾ ਏਜੰਡਾ, 25 ਨਵੰਬਰ ਜਾਂ ਉਸ ਤੋਂ ਬਾਅਦ ਭੇਜਿਆ ਗਿਆ। ਕਈਆਂ ਨੂੰ ਏਜੰਡਾ ਵਟਸਅਪ ਰਾਹੀਂ ਭੇਜ ਕੇ ਬੁੱਤਾ ਸਾਰ ਦਿੱਤਾ ਗਿਆ। ਵਿਭਾਗ ਦੀ ਇਸ ਲਾਪਰਵਾਹੀ ਦਾ ਜਿਕਰ ਪ੍ਰੋ. ਚਮਨ ਲਾਲ ਨੇ ਆਪਣੀ ਚਿੱਠੀ ਵਿਚ ਵੀ ਕੀਤਾ ਹੈ। ਉਨ੍ਹਾਂ ਅਨੁਸਾਰ, 'ਪੰਜਾਬ ਸਰਕਾਰ ਨੇ ਸਤੰਬਰ ਵਿੱਚ ਸਕਰਿਨਿੰਗ ਕਮੇਟੀ ਦੇ ਗਠਨ ਬਾਰੇ ਜੋ ਨੋਟਿਫ਼ਿਕੇਸ਼ਨ ਜਾਰੀ ਕੀਤੀ ਸੀ, ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ, ਸਲਾਹਕਾਰ ਬੋਰਡ ਦੀ ਦਸੰਬਰ ਵਿੱਚ ਹੋਣ ਵਾਲੀ ਮੀਟਿੰਗ ਤੱਕ, ਉਸ ਦੀ ਜਾਣਕਾਰੀ ਬੋਰਡ ਦੇ ਮੈਂਬਰਾਂ ਨੂੰ ਦੇਣ ਦੀ ਲੋੜ ਨਹੀਂ ਸਮਝੀ।'ਭਾਸ਼ਾ ਵਿਭਾਗ ਵੱਲੋਂ ਤਿਆਰ ਕੀਤੇ ਗਏ ਅਨੁਪੂਰਕ ਏਜੰਡੇ ਵਿਚ 24 ਨਵੇਂ ਨਾਂ ਸ਼ਾਮਲ ਕੀਤੇ ਗਏ ਸਨ। ਨਵੇਂ ਨਾਂਵਾਂ ਦੀ ਜਾਣਕਾਰੀ ਸਲਾਹਕਾਰ ਬੋਰਡ ਦੇ ਮੈਂਬਰਾਂ ਨੂੰ ਮੀਟਿੰਗ ਵਾਲੇ ਦਿਨ ਤੱਕ ਨਹੀਂ ਦਿੱਤੀ ਗਈ। ਪ੍ਰੋ. ਸਾਹਿਬ ਅਨੁਸਾਰ, 'ਬੋਰਡ ਦੀ ਮੀਟਿੰਗ ਤੋਂ 2-3 ਦਿਨ ਪਹਿਲਾਂ ਇਨਾਮਾਂ ਲਈ ਲੇਖਕਾਂ ਦੇ ਨਵੇਂ ਨਾਂ ਸ਼ਾਮਿਲ ਕੀਤੇ ਗਏ, ਜਿੰਨਾਂ ਬਾਰੇ ਵੇਰਵੇ ਸਿਰਫ ਮੌਕੇ ਤੇ ਹੀ ਦਿੱਤੇ। ਸਕਰਿਨਿੰਗ ਕਮੇਟੀ ਨੇ ਉੱਨਾਂ ਵਿਚੋਂ ਕਈ ਲੇਖਕਾਂ ਦੇ ਨਾਂ ਇਨਾਮਾਂ ਵਾਲੇ ਪੈਨਲਾਂ ਵਿੱਚ ਪਾ ਦਿੱਤੇ। ਅਤੇ ਉੱਨਾਂ ਵਿਚੋਂ ਕਈਆਂ ਨੂੰ ਇਨਾਮਾਂ ਲਈ ਚੁਣ ਵੀ ਲਿਆ ਗਿਆ।

ਇੰਝ ਭਾਸ਼ਾ ਵਿਭਾਗ ਨੇ ਇਸ ਚੋਣ ਪ੍ਰਕ੍ਰਿਆ ਵਿਚ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਨੂੰ ਢਾਹ ਲਾਈ।

**(ਸਮਾਪਤ)**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**